Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

All Subject to Patiala Jurisdiction.
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 25-10-2025 • Vol.43 No.43 • M. 90410-14575 • Page 16 | E-mail : khetiduniyan1983@gmail.com

# ਡੀ.ਏ.ਪੀ. ਦੀ ਕਿੱਲਤ : ਪੰਜਾਬ ਵਿੱਚ ਕਣਕ ਦੀ ਬਿਜਾਈ ਸ਼ੁਰੂ

ਪੰਜਾਬ ਵਿੱਚ ਕਣਕ ਦੀ ਬਿਜਾਈ ਸ਼ੁਰੂ ਹੋ ਗਈ ਹੈ ਅਤੇ ਕਣਕ ਦੀ ਬਿਜਾਈ ਲਈ 15 ਨਵੰਬਰ ਤੱਕ ਦੇ ਸਮੇਂ ਨੂੰ ਢੁੱਕਵਾਂ ਮੰਨਿਆ ਜਾਂਦਾ ਹੈ। ਕਣਕ ਦੀ ਬਿਜਾਈ ਤੋਂ ਐਨ ਪਹਿਲਾਂ ਸੂਬੇ ਵਿੱਚ ਡੀ ਏ ਪੀ ਖਾਦ ਦੀ ਕਿੱਲਤ ਨੇ ਕਿਸਾਨਾਂ ਦੇ ਫ਼ਿਕਰ ਵਧਾਏ ਹੋਏ ਹਨ। ਰਾਤ ਦਾ ਤਾਪਮਾਨ ਘਟਣ ਕਾਰਨ ਕਣਕ ਦੀ ਬਿਜਾਈ ਲਈ ਇਹ ਸਮਾਂ ਢੁੱਕਵਾਂ ਹੈ। ਇਸ ਵਾਰ ਹੜ੍ਹਾਂ ਕਾਰਨ ਝੋਨੇ ਦੀ ਵਾਢੀ ਵੀ ਪਛੜੀ ਹੋਈ ਹੈ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਬਿਜਾਈ ਪੱਛੜ ਵੀ ਸਕਦੀ ਹੈ।

ਮੌਜੂਦਾ ਸਮੇਂ ਕਿਸਾਨ ਡੀ ਏ ਪੀ ਖਾਦ ਲਈ ਭੱਜ-ਨੱਠ ਕਰ ਰਹੇ ਹਨ। ਖੁੱਲ੍ਹੇ ਬਾਜ਼ਾਰ ਵਿੱਚ ਪ੍ਰਾਈਵੇਟ ਡੀਲਰ ਕਿਸਾਨਾਂ ਨੂੰ ਡੀ ਏ ਪੀ ਖਾਦ ਦੇ ਨਾਲ ਵਾਧੂ ਉਤਪਾਦ ਵੀ ਚੁੱਕਾ ਰਹੇ ਹਨ। ਵਿੱਤੀ ਤੌਰ 'ਤੇ ਕਿਸਾਨਾਂ ਲਈ ਇਹ ਮਹਿੰਗਾ ਸੌਦਾ ਹੈ ਪਰ ਮਜ਼ਬੂਰੀ ਵਿੱਚ ਕਿਸਾਨ ਫਸੇ ਹੋਏ ਹਨ। ਐਤਕੀ ਹਾੜ੍ਹੀ ਦੀ ਫ਼ਸਲ ਲਈ 5.50 ਲੱਖ ਟਨ ਡੀ ਏ ਪੀ ਖਾਦ ਦੀ ਜ਼ਰੂਰਤ ਹੈ। ਮੌਜੂਦਾ ਸਥਿਤੀ ਦੇਖੀਏ ਤਾਂ ਪੰਜਾਬ ਕੋਲ ਹਾਲੇ ਤੱਕ 3.50 ਲੱਖ ਟਨ ਡੀ ਏ ਪੀ ਖਾਦ ਪੁੱਜੀ ਹੈ। ਕਰੀਬ ਦੋ ਲੱਖ ਟਨ ਦੀ ਕਮੀ ਹੈ।

ਪੰਜਾਬ ਸਰਕਾਰ ਨੂੰ ਅਕਤੂਬਰ ਦੇ ਆਖ਼ਰੀ ਹਫ਼ਤੇ ਦੌਰਾਨ 40 ਹਜ਼ਾਰ ਟਨ ਹੋਰ ਡੀ ਏ ਪੀ ਖਾਦ ਪੁੱਜਣ ਦੀ ਉਮੀਦ ਹੈ ਅਤੇ ਨਵੰਬਰ ਦੇ ਪਹਿਲੇ ਪੰਦਰਵਾੜੇ ਦੌਰਾਨ ਸਭ ਕਿੱਲਤ ਦੂਰ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਪੰਜਾਬ ਦੇ ਪਟਿਆਲਾ, ਸੰਗਰੂਰ, ਰੋਪੜ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਡੀ ਏ ਪੀ ਖਾਦ ਦੀ ਕਮੀ ਨੂੰ ਲੈ ਕੇ ਕਿਸਾਨ ਇੱਧਰ ਉੱਧਰ ਭਟਕ ਰਹੇ ਹਨ। ਪੰਜਾਬ ਸਰਕਾਰ ਵੱਲੋਂ 60 ਫ਼ੀਸਦੀ ਖਾਦ ਸਹਿਕਾਰੀ ਸਭਾਵਾਂ ਨੂੰ ਅਤੇ 40 ਫ਼ੀਸਦੀ ਪ੍ਰਾਈਵੇਟ ਵਪਾਰੀਆਂ ਨੂੰ ਅਲਾਟ ਕੀਤੀ ਹੈ। ਸੂਬੇ ਵਿੱਚ 3520 ਪੇਂਡੂ ਸਹਿਕਾਰੀ ਸਭਾਵਾਂ ਹਨ। ਪੰਜਾਬ ਸਰਕਾਰ ਇਸ ਗੱਲੋਂ ਤਸੱਲੀ ਵਿੱਚ




ਹੈ ਕਿ ਪਿਛਲੇ ਸਾਲ ਕਣਕ ਦੇ ਸੀਜ਼ਨ ਵਿੱਚ 4 ਲੱਖ ਟਨ ਹੀ ਡੀ ਏ ਪੀ ਖਾਦ ਮਿਲੀ ਸੀ ਜਦੋਂਕਿ ਐਤਕੀਂ 3.50 ਲੱਖ ਟਨ ਡੀ ਏ ਪੀ ਖਾਦ ਪ੍ਰਾਪਤ ਹੋ ਚੁੱਕੀ ਹੈ। ਕਿਸਾਨ ਆਖਦੇ ਹਨ ਕਿ ਪ੍ਰਾਈਵੇਟ ਡੀਲਰ 1800-2000 ਰੁਪਏ ਵਿੱਚ ਥੈਲਾ ਵੇਚ ਰਹੇ ਹਨ ਅਤੇ ਡੀ ਏ ਪੀ ਖਾਦ ਦੇ ਨਾਲ ਵਾਧੂ ਉਤਪਾਦ ਵੀ ਚੁਕਾਏ ਜਾ ਰਹੇ ਹਨ। ਰੋਪੜ ਦੇ ਵਿਧਾਇਕ ਦਿਨੇਸ਼ ਚੱਢਾ ਦੀ ਸ਼ਿਕਾਇਤ 'ਤੇ ਰੋਪੜ ਪੁਲਿਸ ਨੇ ਇੱਕ ਰੇਕ ਹੈਂਡਲਰ ਤੇ ਕੇਸ ਵੀ ਦਰਜ ਕੀਤਾ ਹੈ। ਪੇਂਡੂ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਬਹਾਦਰ ਸਿੰਘ ਆਖਦੇ ਹਨ ਕਿ ਸਹਿਕਾਰੀ ਸਭਾਵਾਂ ਕੋਲ ਲੋੜੀਂਦਾ ਖਾਦ ਦਾ ਸਟਾਕ ਨਹੀਂ ਹੈ ਜਿਸ ਕਰਕੇ ਸਭਾਵਾਂ ਦੇ ਮੈਂਬਰ ਕਿਸਾਨ ਭਟਕ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਵਪਾਰੀ ਡੀ ਏ ਪੀ ਖਾਦ ਦੀ ਕਾਲਾਬਾਜ਼ਾਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਪੁਲੀਸ ਨੇ ਸਖ਼ਤੀ ਕੀਤੀ ਹੈ, ਉਸ ਸਮੇਂ ਤੋਂ ਡੀਲਰਾਂ ਨੇ ਡੀ ਏ ਪੀ ਖਾਦ ਦੇਣ ਤੋਂ ਹੀ ਹੱਥ ਘੁੱਟ ਲਿਆ ਹੈ। ਉਨ੍ਹਾਂ ਦੱਸਿਆ ਕਿ ਫਤਹਿਗੜ੍ਹ ਸਾਹਿਬ ਵਿੱਚ ਦੋ ਹਫ਼ਤਿਆਂ ਤੋਂ ਖਾਦ ਦਾ ਕੋਈ ਰੈਕ ਨਹੀਂ ਲੱਗਿਆ ਹੈ। ਸੂਤਰ ਵੱਖਰੀ ਸਥਿਤੀ ਬਿਆਨ ਕਰ ਰਹੇ ਹਨ ਜਿਨ੍ਹਾਂ ਦਾ ਕਹਿਣਾ ਹੈ ਕਿ ਉਹ ਹੁਣ ਤੱਕ ਸਹਿਕਾਰੀ ਸਭਾਵਾਂ ਨੂੰ 1.65 ਲੱਖ ਟਨ ਡੀ ਏ ਪੀ ਖਾਦ ਸਪਲਾਈ ਕਰ ਚੁੱਕੇ ਹਨ ਜਦੋਂ ਕਿ ਪਿਛਲੇ ਸਾਲ 1.40 ਲੱਖ ਟਨ ਖਾਦ ਦੀ ਹੀ ਸਪਲਾਈ ਹੋਈ ਸੀ। ਉਨ੍ਹਾਂ ਕਿਹਾ ਕਿ ਐਤਕੀਂ ਬਿਹਤਰ ਸਥਿਤੀ ਹੈ।

ਪਟਿਆਲਾ ਜ਼ਿਲ੍ਹੇ ਦੇ ਪਿੰਡ ਕੁਲਾਰਾਂ ਦੇ ਕਿਸਾਨ ਦਰਸ਼ਨ ਸਿੰਘ ਅਨੁਸਾਰ ਪ੍ਰਾਈਵੇਟ ਵਪਾਰੀਆਂ ਗੱਠਜੋੜ ਬਣਿਆ ਹੋਇਆ ਹੈ ਕਿ ਉਹ ਆਪਣੀਆਂ ਦੁਕਾਨਾਂ 'ਤੇ ਕਿਸਾਨਾਂ ਤੋਂ ਖਾਦ ਆਦਿ ਦੇ ਪੈਸੇ ਤਾਂ ਵਸੂਲ ਰਹੇ ਹਨ ਪਰ ਡਿਲਿਵਰੀ ਘਰਾਂ ਵਿੱਚ ਦੇ ਰਹੇ ਹਨ ਤਾਂ ਜੋ ਦੁਕਾਨਾਂ ਵਿੱਚ ਡੀ ਏ ਪੀ ਖਾਦ ਦੇ ਭੰਡਾਰਨ ਦਾ ਉਹਲਾ ਰਹਿ ਸਕੇ।






## ਕਿਸਾਨ ਵੀਰੋ!

# ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**

# ਹੜ੍ਹਾਂ ਦੀ ਮਾਰ ਤੋਂ ਬਾਅਦ ਹੁਣ ਕੀ ਬੀਜਿਆ ਜਾਵੇ?

ਡਾ. ਧਰਮ ਸਿੰਘ
ਮੋ. 98889-39808

ਪਿਛਲੇ ਦਿਨੀਂ ਪੰਜਾਬ ਵਿੱਚ ਹੜ੍ਹਾਂ ਨੇ ਜੋ ਤਬਾਹੀ ਮਚਾਈ ਹੈ, ਉਹ ਕਿਸੇ ਤੋਂ ਲੁਕੀ ਨਹੀਂ। ਕਿਸਾਨੀ ਨੂੰ ਹਰ ਦੂਜੇ-ਚੌਥੇ ਸਾਲ ਅਜਿਹੀ ਤਬਾਹੀ ਵੇਖਣੀ ਪੈਂਦੀ ਹੈ। ਕੁਦਰਤ ਨਾਲ ਲੜਿਆ ਨਹੀਂ ਜਾ ਸਕਦਾ ਪਰ ਵਿਉਂਤਬੰਦੀ ਤਾਂ ਮਨੁੱਖ ਦੇ ਹੱਥ ਵਿੱਚ ਹੀ ਹੁੰਦੀ ਹੈ। ਮੌਸਮ ਵਿੱਚ ਬਦਲਾਅ ਆ ਰਿਹਾ ਹੈ। ਇਸ ਲਈ ਵਿਉਂਤਬੰਦੀ ਦੀ ਆਮ ਦਿਨਾਂ ਨਾਲੋਂ ਵਧੇਰੇ ਲੋੜ ਹੈ। ਇਸ ਵੇਲੇ ਕਿਸਾਨੀ ਸਾਹਮਣੇ ਦੋ ਵੱਡੀਆਂ



ਸਮੱਸਿਆਵਾਂ ਖੜ੍ਹੀਆਂ ਹਨ, ਪਹਿਲੀ ਹੈ ਹੜ੍ਹਾਂ ਮਾਰੀ ਜ਼ਮੀਨ ਨੂੰ ਵਾਹੀਯੋਗ ਬਣਾਉਣਾ ਅਤੇ ਦੂਜੀ ਹੈ ਵਿਹਲੀਆਂ ਹੋ ਰਹੀਆਂ ਜ਼ਮੀਨਾਂ ਵਿੱਚ ਨਵੀਆਂ ਫ਼ਸਲਾਂ ਦਾ ਬੀਜਣਾ। ਦਰਿਆ ਨਾਲ ਰੁੜ ਕੇ ਆਈ ਰੇਤ, ਭਲ ਅਤੇ ਮਿੱਟੀ ਦੀ ਇੱਕ ਮੋਟੀ ਪਰਤ ਖੇਤਾਂ ਵਿੱਚ ਵਿਛ ਗਈ ਹੈ। ਇਸ ਪਰਤ ਨੂੰ ਹਟਾ ਕੇ ਹੀ ਜ਼ਮੀਨ ਨੂੰ ਵਾਹੀਯੋਗ ਬਣਾਇਆ ਜਾ ਸਕਦਾ ਹੈ। ਸਰਕਾਰ, ਗੈਰ-ਸਰਕਾਰੀ ਸੰਸਥਾਵਾਂ ਅਤੇ ਸਮਾਜ-ਸੇਵੀ ਸੰਸਥਾਵਾਂ ਆਪੋ-ਆਪਣੇ ਪੱਧਰ 'ਤੇ ਇਹ ਕੰਮ ਕਰ ਰਹੀਆਂ ਹਨ ਪਰ ਕੁਝ ਯਤਨ ਕਿਸਾਨਾਂ ਨੂੰ ਆਪ ਵੀ ਕਰਨੇ ਪੈਣਗੇ, ਕਿਉਂਕਿ ਹਾੜ੍ਹੀ ਬੀਜਣ ਦਾ ਮੌਸਮ ਸਿਰ 'ਤੇ ਖੜ੍ਹਾ ਹੈ। ਸਾਰੇ ਯਤਨਾਂ ਦੇ ਬਾਵਜੂਦ ਜੇਕਰ ਦੇਰ ਹੁੰਦੀ ਜਾਏ ਤਾਂ ਇੱਕ ਸੁਝਾਅ ਮੇਰਾ ਇਹ ਹੈ ਕਿ ਜਿਵੇਂ ਪਹਿਲਾਂ ਕਣਕ ਦੀਆਂ ਭਰੀਆਂ ਦੇ ਪੁਲਵਾੜੇ ਲਾਏ ਜਾਂਦੇ ਸਨ ਅਤੇ ਤੂੜੀ ਦੇ ਮੂਸਲ (ਕੁੱਪ) ਬੰਨ੍ਹੇ ਜਾਂਦੇ ਸਨ, ਇਸ ਤਰ੍ਹਾਂ ਹੁਣ ਖੇਤ ਦੀ ਇੱਕ ਨੁੱਕਰੇ ਰੇਤ/ਭਲ/ਮਿੱਟੀ ਇਕੱਠੀ ਕਰ ਲਈ ਜਾਵੇ। ਜੇ. ਸੀ. ਬੀ. ਮਸ਼ੀਨਾਂ ਆਮ ਮਿਲ ਜਾਂਦੀਆਂ ਹਨ, ਇਸ ਲਈ ਅਜਿਹਾ ਕਰਨਾ ਔਖਾ ਨਹੀਂ। ਨਵੀਆਂ ਕਾਲੋਨੀਆਂ ਹਰ ਸ਼ਹਿਰ ਵਿੱਚ ਉਸਰ ਰਹੀਆਂ ਹਨ ਅਤੇ ਭਰਤੀ ਦੀ ਲੋੜ ਹਰ ਥਾਂ ਹੈ। ਇਸ ਲਈ ਕਾਹਲੀ ਨਹੀਂ ਕਰਨੀ ਚਾਹੀਦੀ। ਇਕੱਠੀ ਕੀਤੀ ਰੇਤਾ ਜਾਂ ਮਿੱਟੀ ਸਹਿਜ ਭਾਅ ਵੇਚੀ ਜਾਵੇਗੀ ਤਾਂ ਵਧੇਰੇ ਪੈਸੇ ਵੱਟੇ ਜਾ ਸਕਦੇ ਹਨ।

ਦੂਜੀ ਸਮੱਸਿਆ ਨਵੀਂ ਫ਼ਸਲ ਬੀਜਣ ਦੀ ਹੈ। ਇਹ ਮੌਸਮ ਜਾਂ ਸਮਾਂ ਹਾੜ੍ਹੀ ਦੀਆਂ ਤਕਰੀਬਨ ਸਾਰੀਆਂ ਹੀ ਫ਼ਸਲਾਂ ਲਈ ਢੁਕਵਾਂ ਹੈ। ਸਭ ਤੋਂ ਪਹਿਲਾਂ ਤੇਲ ਬੀਜਾਂ ਦੀ ਗੱਲ ਕਰਦੇ ਹਾਂ। ਤੇਲ ਬੀਜਾਂ ਵਿੱਚ ਸਰ੍ਹੋਂ, ਤੋਰੀਆ, ਅਲਸੀ ਅਤੇ ਸਰ੍ਹੋਂ ਰਲਾ ਕੇ ਬੀਜੇ ਜਾਣ ਤਾਂ ਇਹ ਇੱਕ ਸਮੇਂ ਦੇ ਫ਼ਸਲਾਂ ਲੈਣ ਵਾਲੀ ਗੱਲ ਹੈ। ਸਰ੍ਹੋਂ-ਤੋਰੀਆ ਰਲਾ ਕੇ ਬੀਜਿਆ ਜਾਵੇਗਾ ਤਾਂ ਨਵੰਬਰ ਅਖ਼ੀਰ ਜਾਂ ਦਸੰਬਰ ਆਰੰਭ ਵਿੱਚ ਉਹ ਪੱਕ ਕੇ ਤਿਆਰ ਹੋ ਜਾਵੇਗਾ ਅਤੇ ਸਰ੍ਹੋਂ ਮਾਰਚ ਦੇ ਅਖ਼ੀਰ ਜਾਂ ਅਪ੍ਰੈਲ ਸ਼ੁਰੂ ਵਿੱਚ ਪੱਕ ਜਾਵੇਗੀ। ਇੰਞ ਬਿਨਾਂ ਕੋਈ ਖ਼ਾਸ ਵਾਧੂ ਖ਼ਰਚਾ ਕੀਤਿਆਂ ਦੂਜੀ ਫ਼ਸਲ ਵੀ ਲਈ ਜਾ ਸਕਦੀ ਹੈ। ਤੇਲ ਬੀਜਾਂ ਵਿੱਚ ਅਲਸੀ ਵੀ ਬਿਹਤਰੀਨ ਬਦਲ ਹੈ, ਜਿਸ ਦਾ ਆਟਾ 100 ਰੁਪਏ ਕਿੱਲੋ ਤੋਂ ਮਹਿੰਗਾ ਵਿਕਦਾ ਹੈ। ਅਲਸੀ ਦਾ ਤੇਲ ਵੀ ਵਰਤੋਂ ਵਿੱਚ ਆਉਂਦਾ ਹੈ ਅਤੇ ਉਹ ਸਰ੍ਹੋਂ ਦੇ ਤੇਲ ਨਾਲੋਂ ਮਹਿੰਗਾ ਵਿਕਦਾ ਹੈ।

ਹਾੜ੍ਹੀ ਦੀ ਦੂਜੀ ਵੱਡੀ ਫ਼ਸਲ ਕਣਕ ਹੈ। ਜ਼ਿਆਦਾ ਸਮਾਂ ਲੈਣ ਵਾਲੀਆਂ ਕਣਕ ਦੀਆਂ ਕਿਸਮਾਂ ਦੀ ਬਿਜਾਈ ਤਾਂ ਅਕਤੂਬਰ ਦੇ ਅਖ਼ੀਰਲੇ ਹਫ਼ਤੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦ ਕਿ ਆਮ ਕਿਸਮਾਂ ਦੀ ਬਿਜਾਈ ਦਾ ਢੁੱਕਵਾਂ ਸਮਾਂ ਨਵੰਬਰ ਦਾ ਪਹਿਲਾ ਪੰਦਰ੍ਹਵਾੜਾ ਹੈ। ਇਸ ਵੇਲੇ ਤੱਕ ਕਾਫ਼ੀ ਹੱਦ ਤੱਕ ਵਰਤੋਂਯੋਗ ਹੋ ਜਾਵੇਗੀ। ਜਿਨ੍ਹਾਂ ਵਿੱਚ ਮਿੱਟੀ, ਰੇਤ ਰਲਵੀਂ ਹੈ, ਉੱਥੇ ਛੋਲਿਆਂ ਜਾਂ ਬੇਰੜੇ (ਕਣਕ ਅਤੇ ਛੋਲੇ) ਦੀ ਕਾਸ਼ਤ ਹੋ ਸਕਦੀ ਹੈ। ਦਾਲਾਂ ਵਿੱਚ ਮਸਰ ਬੀਜੇ ਜਾ ਸਕਦੇ ਹਨ, ਜੋ ਕਣਕ ਤੋਂ ਪਹਿਲਾਂ ਪੱਕ ਜਾਂਦੇ ਹਨ ਅਤੇ ਅਗਲੀ ਫ਼ਸਲ ਬੀਜਣ ਲਈ ਵਾਧੂ ਸਮਾਂ ਮਿਲ ਜਾਂਦਾ ਹੈ।



ਸਬਜ਼ੀਆਂ ਵਿੱਚ ਸਰਦੀ ਦੀਆਂ ਸਾਰੀਆਂ ਸਬਜ਼ੀਆਂ ਸ਼ਾਮਿਲ ਹਨ। ਨਵੀਂ ਤਕਨੀਕ ਅਨੁਸਾਰ ਪਲਾਸਟਿਕ ਦੀਆਂ ਟ੍ਰੇਆਂ ਵਿੱਚ ਬੀਜ ਬੀਜ ਕੇ ਘੱਟ ਤਾਪਮਾਨ ਵਾਲੀ ਜਗ੍ਹਾ ਰੱਖੇ ਜਾਂਦੇ ਹਨ ਅਤੇ ਢੁਕਵਾਂ ਸਮਾਂ ਆਉਣ 'ਤੇ ਖੇਤਾਂ ਵਿੱਚ ਉਨ੍ਹਾਂ ਟ੍ਰੇਆਂ ਵਿਚਲੇ ਪੌਦੇ ਵੱਟਾਂ ਜਾਂ ਖਾਲਾਂ 'ਤੇ ਤਬਦੀਲ ਕੀਤੇ ਜਾ ਸਕਦੇ ਹਨ। ਤਾਪਮਾਨ ਥੋੜ੍ਹਾ ਘੱਟ ਹੋਣ ਭਾਵ ਅਕਤੂਬਰ ਵਿੱਚ ਆਲੂ, ਮਟਰ, ਮੂਲੀਆਂ, ਸ਼ਲਗਮ, ਪਾਲਕ ਅਤੇ ਮੇਥੀ ਆਦਿ ਦਾ ਸਮਾਂ ਵੀ ਢੁੱਕਵਾਂ ਹੈ। ਸਰਦੀਆਂ ਵਿੱਚ ਤੋਰੀਏ, ਸਰ੍ਹੋਂ ਦਾ ਸਾਗ ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ ਹੈ। ਅੱਜ-ਕੱਲ੍ਹ ਖੰਡ ਮਿੱਲਾਂ ਚੁਕੰਦਰ ਦੀ ਖੇਤੀ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਚੁਕੰਦਰ ਤੋਂ ਖੰਡ ਬਣਨ ਤੋਂ ਇਲਾਵਾ ਇਸ ਦੀ ਵਰਤੋਂ ਸਬਜ਼ੀ ਅਤੇ ਸਲਾਦ ਲਈ ਵੀ ਕੀਤੀ ਜਾਂਦੀ ਹੈ। ਕਿੰਨੂ, ਸੰਤਰੇ, ਮਾਲਟੇ ਜਾਂ ਮੁਸੰਮੀ ਦੇ ਰਸ ਨੂੰ ਵਧੇਰੇ ਪੌਸ਼ਟਿਕ ਬਣਾਉਣ ਲਈ ਚੁਕੰਦਰ ਦਾ ਰਸ ਵੀ ਕੱਢਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਗਾਜਰਾਂ ਦਾ। ਹੀਮੋਗਲੋਬਿਨ ਦੀ ਮਾਤਰਾ ਸਹੀ ਕਰਨ ਵਿੱਚ ਚੁਕੰਦਰ ਤੋਂ ਵਧੀਆ ਹੋਰ ਕੋਈ ਸੋਮਾ ਨਹੀਂ।

ਮਸਾਲਿਆਂ ਵਿੱਚ ਸੌਂਫ, ਅਜਵਾਇਨ, ਮੇਥੇ ਅਤੇ ਕਲੌਂਜੀ ਵੀ ਇੱਕ ਹੋਰ ਬਦਲ ਹੈ। ਮਸਾਲੇ ਤਾਂ ਸਗੋਂ ਸਾਰੀਆਂ ਖੇਤੀ ਉਤਪਾਦਾਂ ਨਾਲੋਂ ਬਹੁਤ ਮਹਿੰਗੇ ਭਾਅ ਵਿਕਦੇ ਹਨ। ਇਹ ਮਸਾਲੇ ਕੇਵਲ ਸਬਜ਼ੀਆਂ ਵਿੱਚ ਹੀ ਕੰਮ ਨਹੀਂ ਆਉਂਦੇ, ਸਗੋਂ ਇਹ ਕਈ ਆਯੁਰਵੈਦਿਕ ਦਵਾਈਆਂ ਵਿੱਚ ਵੀ ਵਰਤੇ ਜਾਂਦੇ ਹਨ, ਕਿਉਂਕਿ ਇਨ੍ਹਾਂ ਵਿੱਚ ਦਵਾਈਆਂ ਵਾਲੇ ਗੁਣ ਵੀ



ਹਨ। ਲੱਸਣ ਜਾਂ ਥੋਮ ਥੋੜ੍ਹੇ ਖ਼ਰਚੇ ਵਿੱਚ ਵੱਧ ਕਮਾਈ ਦੇਣ ਵਾਲੀ ਫ਼ਸਲ ਹੈ। ਅੱਜ-ਕੱਲ੍ਹ ਲੱਸਣ 100 ਰੁਪਏ ਤੋਂ ਵੱਧ ਕੀਮਤ ਉੱਪਰ ਵਿਕ ਰਿਹਾ ਹੈ। ਇਸ ਦੀ ਕਾਸ਼ਤ ਵੱਲ ਵੀ ਧਿਆਨ ਦਿੱਤਾ ਜਾ ਸਕਦਾ ਹੈ।

ਫ਼ਲਦਾਰ ਬੂਟੇ ਜਾਂ ਬਾਗ ਲਾਉਣ ਲਈ ਵੀ ਇਹ ਸਮਾਂ ਅਤਿਅੰਤ ਢੁਕਵਾਂ ਹੈ। ਨਵੇਂ ਬਾਗ ਲਾਉਣ ਦੇ ਨਾਲ-ਨਾਲ ਪੁਰਾਣੇ ਬਾਗਾਂ ਦੀ ਕਾਂਟ-ਛਾਂਟ ਅਤੇ ਹੋਰ ਹਿਫ਼ਾਜ਼ਤੀ ਪ੍ਰਬੰਧ ਕੀਤੇ ਜਾ ਸਕਦੇ ਹਨ। ਕਮਾਦ ਦੀ ਫ਼ਸਲ ਦਾ ਮੁਕਾਬਲਤਨ ਘੱਟ ਨੁਕਸਾਨ ਹੁੰਦਾ ਹੈ ਅਤੇ ਇਨ੍ਹਾਂ ਦਿਨਾਂ ਵਿੱਚ ਗੰਨੇ ਵਿੱਚ ਰਸ ਭਰਦਾ ਹੈ, ਇਸ ਲਈ ਕਮਾਦ ਵਧੇਰੇ ਤਵੱਜੋ ਅਤੇ ਦੇਖਭਾਲ ਦੀ ਮੰਗ ਕਰਦਾ ਹੈ। ਸਰਦੀਆਂ ਦਾ ਮੌਸਮ ਹਰ ਪ੍ਰਕਾਰ ਦੇ ਫੁੱਲਾਂ ਦੀ ਕਾਸ਼ਤ ਲਈ ਬਹੁਤ ਢੁਕਵਾਂ ਹੈ। ਫੁੱਲ ਕਲਮਾਂ, ਬਲਬਾਂ ਅਤੇ ਬੀਜਾਂ ਨਾਲ ਉਗਾਏ ਜਾਂਦੇ ਹਨ। ਖ਼ੁਸ਼ੀ-ਗ਼ਮੀ ਦੇ ਮੌਕਿਆਂ ਲਈ ਅੱਜ-ਕਲ੍ਹ ਫੁੱਲਾਂ ਦੀ ਵਰਤੋਂ ਵਧ ਰਹੀ ਹੈ। ਬੁੱਕੇ, ਗੁਲਦਸਤੇ ਅਤੇ ਹਾਰਾਂ ਆਦਿ ਵਿੱਚ ਇਨ੍ਹਾਂ ਦੀ ਵਰਤੋਂ ਪਹਿਲੇ ਸਮਿਆਂ ਨਾਲੋਂ ਹੁਣ ਵਧੇਰੇ ਹੈ। ਕੁਦਰਤ ਦਾ ਆਪਣਾ ਇੱਕ ਕੈਲੰਡਰ ਹੈ ਅਤੇ ਥੋੜ੍ਹੇ-ਬਹੁਤੇ ਫ਼ਰਕ ਨਾਲ ਇਹ ਹਰ ਸਾਲ ਇਸੇ ਤਰ੍ਹਾਂ ਹੀ ਦਿੱਸਦਾ ਹੈ। ਲੋੜ ਕੇਵਲ ਨੁਕਸਾਨ ਨੂੰ ਮੌਕੇ ਵਿੱਚ ਤਬਦੀਲ ਕਰਨ ਦੀ ਹੈ ਅਤੇ ਇਹ ਕੰਮ ਵਿਉਂਤਬੰਦੀ ਨਾਲ ਕੀਤਾ ਜਾ ਸਕਦਾ ਹੈ।

# ਸੁਖਵਿੰਦਰ ਸਿੰਘ ਨੇ 18 ਸਾਲਾਂ ਤੋਂ ਨਹੀਂ ਸਾੜੀ ਪਰਾਲੀ

**★ ਸੁਖਵਿੰਦਰ ਸਿੰਘ ਦੀ ਅਪੀਲ 'ਤੇ ਨਵਾਂ ਪਿੰਡ ਦੋਨੇਵਾਲ ਦੇ ਕਿਸਾਨਾਂ ਨੇ ਖੇਤਾਂ ਵਿੱਚ ਅੱਗ ਨਾ ਲਾਉਣ ਲਈ ਵਿਖਾਈ ਦ੍ਰਿੜ੍ਹਤਾ ★ ਵਾਤਾਵਰਨ ਦੇ ਰਾਖੇ ਵਜੋਂ ਕੀਤਾ ਜਾਂਦੇ ਸਨਮਾਨਿਤ**

ਸ਼ਾਹਕੋਟ ਤਹਿਸੀਲ ਦੇ ਪਿੰਡ ਨਵਾਂ ਪਿੰਡ ਦੋਨੇਵਾਲ ਦੇ ਕਿਸਾਨ ਨੇ ਨਾ ਸਿਰਫ਼ ਖ਼ੁਦ ਪਰਾਲੀ ਨੂੰ ਖੇਤਾਂ ਵਿੱਚ ਸਾੜਨਾ ਬੰਦ ਕੀਤਾ ਬਲਕਿ ਪਿੰਡ ਦੇ ਹੋਰ ਕਿਸਾਨਾਂ ਨੂੰ ਜਾਗਰੂਕ ਕਰਦੇ ਰਹੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਮੌਜੂਦਾ ਸਮੇਂ ਪਿੰਡ ਵਿੱਚ 90 ਫ਼ੀਸਦੀ ਕਿਸਾਨ ਪਰਾਲੀ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਸਾੜਨ ਦੀ ਬਜਾਏ ਮਸ਼ੀਨਰੀ ਦੀ ਵਰਤੋਂ ਕਰ ਕੇ ਖੇਤਾਂ ਵਿੱਚ ਵਾਹ ਕੇ ਨਾ ਸਿਰਫ਼ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਅ ਰਹੇ ਹਨ ਬਲਕਿ ਜ਼ਮੀਨ ਦੀ ਉਪਜਾਊ ਸ਼ਕਤੀ ਵੱਧਣ ਕਰਕੇ ਫ਼ਸਲ ਦੀ ਵਧੇਰੇ ਪੈਦਾਵਾਰ ਲੈ ਰਹੇ ਹਨ।

ਨਵਾਂ ਪਿੰਡ ਦੋਨੇਵਾਲ ਦੇ ਕਿਸਾਨ ਸੁਖਵਿੰਦਰ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਪਿਛਲੇ 18 ਸਾਲਾਂ ਦੌਰਾਨ ਕਦੇ ਵੀ ਆਪਣੇ ਖੇਤਾਂ ਵਿੱਚ ਪਰਾਲੀ ਜਾਂ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਅੱਗ ਨਹੀਂ ਲਾਈ। ਉਹ 25 ਏਕੜ ਵਿੱਚ ਖੇਤੀ ਕਰਦੇ ਹਨ ਅਤੇ ਝੋਨੇ ਤੇ ਆਲੂ ਤੋਂ ਇਲਾਵਾ ਮੈਥਾ ਤੇ ਮੱਕੀ ਦੀ ਕਾਸ਼ਤ ਵੀ ਕਰਦੇ ਹਨ। ਇਸ ਤਰ੍ਹਾਂ ਉਹ ਸਾਲ ਵਿੱਚ ਤਿੰਨ ਫ਼ਸਲਾਂ ਦੀ ਪੈਦਾਵਾਰ ਲੈ ਰਹੇ ਹਨ।

ਝੋਨੇ ਦੀ ਵਾਢੀ ਤੋਂ ਬਾਅਦ ਉਹ ਮਲਚਰ ਫੇਰ ਕੇ ਪਰਾਲੀ ਬਾਰੀਕ ਕਰ ਦਿੰਦੇ ਹਨ, ਫਿਰ ਰੋਟਾਵੇਟਰ ਫੇਰ ਦਿੰਦੇ ਹਨ ਅਤੇ ਅਖ਼ੀਰ ਵਿੱਚ ਪਲਟਵੇਂ ਹੱਲ ਨਾਲ ਖੇਤ ਵਾਹ ਦਿੰਦੇ ਹਨ, ਜਿਸ ਨਾਲ ਪਰਾਲੀ ਪੂਰੀ ਤਰ੍ਹਾਂ ਮਿੱਟੀ ਵਿੱਚ ਰਲ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤਾਂ ਵਿੱਚ ਵਾਹੁਣ ਨਾਲ ਜਿੱਥੇ ਜ਼ਮੀਨ ਪੋਲੀ ਹੁੰਦੀ ਹੈ, ਉੱਥੇ ਹੀ ਖੇਤਾਂ ਵਿੱਚ ਨਮੀ ਜ਼ਿਆਦਾ ਦੇਰ ਤੱਕ ਰਹਿੰਦੀ ਹੈ ਅਤੇ ਕਣਕ ਜਾਂ ਆਲੂ ਦੀ ਫ਼ਸਲ ਨੂੰ ਪਾਣੀ ਵੀ ਘੱਟ ਲੱਗਦਾ ਹੈ। ਇਸ ਦੇ ਨਾਲ ਹੀ ਅੱਗ ਨਾਲ ਸੜਨ ਵਾਲੇ ਮਿੱਤਰ ਕੀੜੇ ਵੀ ਬਚ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੱਧਦੀ ਹੈ। ਉਪਜਾਊ ਸ਼ਕਤੀ ਵੱਧਣ ਨਾਲ ਖਾਦਾਂ ਦੀ ਵਰਤੋਂ ਘੱਟ ਹੁੰਦੀ ਹੈ ਅਤੇ ਖੇਤੀ ਲਾਗਤ ਵੀ ਘੱਟਦੀ ਹੈ, ਇਸ ਨਾਲ ਫ਼ਸਲਾਂ ਦਾ ਝਾੜ ਵੀ ਵਧੇਰੇ ਹੁੰਦਾ ਹੈ।

ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਨਾਲ ਜਿੱਥੇ ਵਾਤਾਵਰਣ ਸ਼ੁੱਧਤਾ ਲਈ ਖ਼ੁਦ ਯੋਗਦਾਨ ਦਿੰਦਾ ਹੈ, ਉੱਥੇ ਹੀ ਪਿੰਡ ਦੇ ਹੋਰਨਾਂ ਕਿਸਾਨਾਂ ਨੂੰ ਵੀ ਜਾਗਰੂਕ ਕਰਦੇ ਰਹੇ। ਪਹਿਲਾਂ-ਪਹਿਲ ਕਈ ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਪ੍ਰਤੀ ਹੁੰਗਾਰਾ ਨਾ ਦਿੱਤੇ ਜਾਣ ਦੇ ਬਾਵਜੂਦ ਉਨ੍ਹਾਂ ਨੇ ਕੋਸ਼ਿਸ਼ ਜਾਰੀ ਰੱਖੀ ਅਤੇ ਕਿਸਾਨਾਂ ਨੂੰ ਪਰਾਲੀ ਖੇਤਾਂ ਵਿੱਚ ਵਾਹੁਣ ਨਾਲ ਪੈਦਾ ਹੋਣ ਵਾਲੇ ਫ਼ਾਇਦਿਆਂ ਤੋਂ ਜਾਣੂੰ ਕਰਵਾਇਆ। ਕੋਸ਼ਿਸ਼ਾਂ ਨੂੰ ਹੌਲੀ-ਹੌਲੀ ਬੂਰ ਪਿਆ ਅਤੇ ਇਸ ਵੇਲੇ ਪਿੰਡ ਦੇ ਵੱਡੀ ਗਿਣਤੀ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਵਾਹ ਰਹੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਾਨੂੰ ਪਰਾਲੀ ਨੂੰ ਖੇਤਾਂ ਵਿੱਚ ਸਾੜਨ ਦੀ ਬਜਾਏ ਵਾਹ ਦੇਣਾ ਚਾਹੀਦਾ ਹੈ, ਇਸ ਨਾਲ ਵਾਤਾਵਰਣ ਸ਼ੁੱਧ ਹੋਵੇਗਾ ਅਤੇ ਅਸੀਂ ਸਿਹਤ ਪੱਖੋਂ ਤੇ ਫ਼ਸਲ ਦੀ ਪੈਦਾਵਾਰ ਪੱਖੋਂ ਹੋਰ ਖ਼ੁਸ਼ਹਾਲ ਹੋਵਾਂਗੇ।

ਨਵਾਂ ਪਿੰਡ ਦੋਨੇਵਾਲ ਦੇ ਸਰਪੰਚ ਅਵਤਾਰ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ 1000 ਏਕੜ ਦੀ ਖੇਤੀ ਵਾਲੀ ਜ਼ਮੀਨ ਹੈ ਅਤੇ ਪਿੰਡ ਦੇ ਕਈ ਕਿਸਾਨ ਨਾਲ ਲੱਗਦੀ 500 ਏਕੜ ਜ਼ਮੀਨ ਵਿੱਚ ਠੇਕੇ 'ਤੇ ਵਾਹੀ ਕਰਦੇ ਹਨ।

ਪਰਾਲੀ ਸਾੜਨ ਬਾਰੇ ਪੁੱਛੇ ਜਾਣ 'ਤੇ ਸਰਪੰਚ ਅਵਤਾਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਉਨ੍ਹਾਂ ਦੇ ਪਿੰਡ ਵਿੱਚ ਪਰਾਲੀ ਸਾੜਨ ਦੇ ਸਿਰਫ਼ 4-5 ਮਾਮਲੇ ਹੀ ਸਾਹਮਣੇ ਆਏ ਸਨ ਕਿਉਂਕਿ ਵੱਡੀ ਗਿਣਤੀ ਕਿਸਾਨ ਪਿਛਲੇ ਸਾਲਾਂ ਦੌਰਾਨ ਖੇਤਾਂ ਵਿੱਚ ਅੱਗ ਲਾਉਣੀ ਛੱਡ ਗਏ ਹਨ। ਪਿੰਡ ਦੇ ਸਾਰੇ ਕਿਸਾਨ ਹੀ ਜਾਗਰੂਕ ਹੋ ਚੁੱਕੇ ਹਨ ਅਤੇ ਉਮੀਦ ਹੈ ਕਿ ਇਸ ਸਾਲ ਵਾਢੀ ਦੇ ਸੀਜ਼ਨ ਦੌਰਾਨ ਕਿਸਾਨ ਅੱਗ ਨਹੀਂ ਲਾਉਣਗੇ।

**ਐਸਡੀਐਮ ਸ਼ਾਹਕੋਟ ਸ਼ੁਭੀ ਆਂਗਰਾ ਨੇ ਕਿਹਾ ਕਿ ਜਿਹੜੇ ਕਿਸਾਨ ਖੇਤਾਂ ਵਿੱਚ ਪਰਾਲੀ ਦੀ ਰਹਿੰਦ-ਖੂੰਹਦ ਨੂੰ ਨਹੀਂ ਸਾੜਦੇ, ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਵਾਤਾਵਰਣ ਦੇ ਰਾਖੇ ਵਜੋਂ ਸਨਮਾਨਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਿੰਡਾਂ ਵਿੱਚ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਜਿਹੜੇ ਕਿਸਾਨ ਪਰਾਲੀ ਨਾ ਸਾੜ ਕੇ ਹੋਰਨਾਂ ਲਈ ਮਿਸਾਲ ਪੈਦਾ ਕਰ ਰਹੇ ਹਨ, ਉਨ੍ਹਾਂ ਦੀ ਸ਼ਨਾਖ਼ਤ ਕਰ ਕੇ ਵਾਤਾਵਰਣ ਦੇ ਰਾਖੇ ਵਜੋਂ ਸਨਮਾਨਿਤ ਕੀਤਾ ਜਾਵੇਗਾ।**







# ਕਣਕ ਦੀ ਕਾਸ਼ਤ ਲਈ ਉੱਨਤ ਤਰੀਕੇ ਅਪਨਾਓ

ਹਰੀ ਰਾਮ, ਗੁਰਵਿੰਦਰ ਸਿੰਘ ਅਤੇ ਸਤਿੰਦਰ ਸਿੰਘ, ਪਲਾਂਟ ਬਰੀਡਿੰਗ ਵਿਭਾਗ

**ਖੇਤ ਦੀ ਤਿਆਰੀ :** ਪਿਛਲੀ ਫ਼ਸਲ ਅਤੇ ਮਿੱਟੀ ਪਰਖ ਦੇ ਅਧਾਰ ਤੇ ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ ਤਿਆਰ ਕਰ ਲਵੋ। ਹਲਕੀਆਂ ਜ਼ਮੀਨਾਂ ਨੂੰ ਭਾਰੀਆਂ ਦੇ ਮੁਕਾਬਲੇ ਵਹਾਈ ਦੀ ਘੱਟ ਲੋੜ ਹੁੰਦੀ ਹੈ। ਪਰਾਲੀ ਦੀ ਸੰਭਾਲ ਕਰਕੇ, ਕਣਕ ਦੀ ਸਿੱਧੀ ਬਿਜਾਈ ਝੋਨੇ ਦੇ ਵੱਢ ਵਿੱਚ ਵੀ ਕੀਤੀ ਜਾ ਸਕਦੀ ਹੈ।

**ਵਹਾਈ ਤੋਂ ਬਾਅਦ ਬਿਜਾਈ ਦੇ ਢੰਗ :**

**ਖਾਦ ਬੀਜ ਡਰਿੱਲ :** ਖਾਦ ਬੀਜ ਡਰਿੱਲ ਨਾਲ ਬੀਜ ਅਤੇ ਖਾਦ ਨਿਰਧਾਰਿਤ ਜਗ੍ਹਾਂ ਤੇ ਡਿੱਗਦੇ ਹਨ। ਇਸ ਨਾਲ ਬਿਜਾਈ ਲਈ ਖੇਤ ਚੰਗੀ ਵੱਤਰ ਵਿੱਚ ਹੋਣਾ ਚਾਹੀਦਾ ਹੈ। ਕਤਾਰ ਤੋਂ ਕਤਾਰ ਦਾ ਫਾਸਲਾ 15 ਤੋਂ 20 ਸੈਂਟੀਮੀਟਰ ਅਤੇ ਬੀਜ 6 ਸੈਂਟੀਮੀਟਰ ਡੂੰਘਾ ਕੇਰਨ ਨਾਲ ਫ਼ਸਲ ਦਾ ਜੰਮ ਵਧੀਆ ਹੁੰਦਾ ਹੈ। ਜਿਸ ਨਾਲ ਵਧੇਰੇ ਪੈਦਾਵਾਰ ਹੁੰਦੀ ਹੈ।

**ਬਿਨਾਂ ਵਾਹੇ, ਕਣਕ ਦੀ ਬਿਜਾਈ :** ਪਰਾਲੀ ਨੂੰ ਸਾੜਨ ਨਾਲ ਪ੍ਰਦੂਸ਼ਣ ਹੁੰਦਾ ਹੈ। ਇਸ ਲਈ ਪਰਾਲੀ ਦੀ ਸਾਂਭ ਸੰਭਾਲ ਖੇਤ ਵਿੱਚ ਹੀ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਊਰਜਾ ਅਤੇ ਸਮੇਂ ਦੀ ਬੱਚਤ ਦੇ ਨਾਲ ਹਵਾ ਵਿੱਚ ਪ੍ਰਦੂਸ਼ਣ, ਨਦੀਨਾਂ ਦੀ ਸਮੱਸਿਆ ਅਤੇ ਖੇਤੀ ਖਰਚੇ ਘੱਟਣ ਦੇ ਨਾਲ ਨਾਲ ਖਾਦਾਂ ਅਤੇ ਰਸਾਇਣਾਂ ਦੀ ਵਰਤੋਂ ਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ। ਇਸ ਨਾਲ ਪਹਿਲੇ ਪਾਣੀ ਤੋਂ ਬਾਅਦ ਫ਼ਸਲ ਘੱਟ ਪੀਲੀ ਪੈਂਦੀ ਹੈ ਅਤੇ ਡਿੱਗਦੀ ਵੀ ਘੱਟ ਹੈ।

**ਜ਼ੀਰੋ ਟਿੱਲ ਡਰਿੱਲ :** ਜੇਕਰ ਝੋਨੇ ਦੀ ਕਟਾਈ ਹੱਥੀਂ ਕੀਤੀ ਹੋਵੇ ਜਾਂ ਕੰਬਾਈਨ ਨਾਲ ਕਟਾਈ ਤੋਂ ਬਾਅਦ ਕਰਚੋ ਕੱਟੋ ਅਤੇ ਬਾਹਰ ਕੱਢੇ ਹੋਣ ਤਾਂ ਖੇਤ ਨੂੰ ਬਿਨ੍ਹਾਂ ਵਾਹੇ ਕਣਕ ਦੀ ਬਿਜਾਈ ਜ਼ੀਰੋ ਟਿੱਲ ਡਰਿੱਲ ਨਾਲ ਕੀਤੀ ਜਾ ਸਕਦੀ ਹੈ। ਇਸ ਵਿਧੀ ਨਾਲ ਬਿਜਾਈ ਕਰਨ ਲਈ ਖੇਤ ਦਾ ਵੱਤਰ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਪਿਛਲੀ ਝੋਨੇ ਦੀ ਫ਼ਸਲ ਨੂੰ ਅਖੀਰਲਾ ਪਾਣੀ ਮਿੱਟੀ ਦੀ ਕਿਸਮ ਅਨੁਸਾਰ 7 ਤੋਂ 10 ਦਿਨ ਪਹਿਲਾਂ ਲਗਾ ਦੇਣਾ ਚਾਹੀਦਾ ਹੈ।

**ਹੈਪੀ ਸੀਡਰ/ਸੁਪਰ ਸੀਡਰ/ਪੀ ਏ ਯੂ ਸਮਾਰਟ ਸੀਡਰ ਨਾਲ ਬਿਜਾਈ :** ਕੰਬਾਈਨ ਨਾਲ ਕਟਾਈ ਤੋਂ ਬਾਅਦ, ਖੜੇ ਕਰਚਿਆਂ ਵਿੱਚ ਕਣਕ ਦੀ ਬਿਜਾਈ ਹੈਪੀ ਸੀਡਰ ਜਾਂ ਪੀ ਏ ਯੂ ਹੈਪੀ ਸੀਡਰ ਜਾਂ ਸੁਪਰ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਨਾਲ ਕੀਤੀ ਜਾ ਸਕਦੀ ਹੈ। ਇਹਨਾਂ ਮਸ਼ੀਨਾਂ ਨਾਲ ਬਿਜਾਈ ਲਈ ਮਸ਼ੀਨਾਂ ਦੀ ਡੂੰਘਾਈ 3 ਤੋਂ 5 ਸੈਂ.ਮੀ. ਹੋਵੇ, ਪਰਾਲੀ ਨੂੰ ਖੇਤ ਵਿੱਚ ਇਕਸਾਰ ਖੰਡਾਇਆ ਹੋਵੇ। ਜੇਕਰ ਖੇਤ ਵਿੱਚ ਨਦੀਨਾਂ ਦੀ ਸਮੱਸਿਆ ਹੋਵੇ ਤਾਂ ਗ੍ਰੈਮੈਕਸੋਨ24 ਐਸ ਐਲ ਪ੍ਰਤੀ ਏਕੜ 500 ਗ੍ਰਾਮ ਦਾ ਬਿਜਾਈ ਤੋਂ ਇਕ ਹਫ਼ਤਾ ਪਹਿਲਾਂ ਛਿੜਕਾਅ ਕਰੋ। ਭਾਵੇਂ ਕਿ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਣਕ ਦੀ ਹਰ ਸਿਫਾਰਸ਼ ਕਿਸਮ ਦੀ ਕਾਸ਼ਤ ਕੀਤੀ ਜਾ ਸਕਦੀ ਹੈ ਪ੍ਰੰਤੂ ਪੀ ਬੀ ਡਬਲਿਊ 869 ਝੋਨੇ ਦੇ ਪਰਾਲ ਦੀ ਖੇਤ ਵਿੱਚ ਹੀ ਸੰਭਾਲ ਕਰਨ ਲਈ ਸਭ ਤੋਂ ਢੁਕਵੀਂ ਕਿਸਮ ਹੈ।

**ਬਿਜਾਈ ਦਾ ਸਹੀ ਸਮਾਂ :** ਵਧੇਰੇ ਝਾੜ ਲੈਣ ਲਈ ਨਵੰਬਰ ਦਾ ਪਹਿਲਾ ਪੰਦਰਵਾੜਾ ਬਿਜਾਈ ਲਈ ਬਹੁਤ ਹੀ ਢੁੱਕਵਾਂ ਹੈ। ਢੁੱਕਵੇਂ ਸਮੇਂ ਤੋਂ ਇਕ ਹਫ਼ਤੇ ਦੀ ਪਿਛੇਤੀ ਬਿਜਾਈ ਤਕਰੀਬਨ 1.5 ਕੁਇੰਟਲ ਪ੍ਰਤੀ ਏਕੜ ਝਾੜ ਘਟਾ ਦਿੰਦੀ ਹੈ। ਇਹ ਯਾਦ ਰੱਖੋ ਕਿ ਉੱਨਤ ਪੀ ਬੀ ਡਬਲਿਊ 550 ਦੀ ਬਿਜਾਈ ਨਵੰਬਰ ਦੇ ਦੂਜੇ ਹਫ਼ਤੇ ਤੋਂ ਸ਼ੁਰੂ ਕਰਨੀ ਚਾਹੀਦੀ ਹੈ ਕਿਉਂਕਿ ਇਹ ਘੱਟ ਸਮੇਂ ਵਿੱਚ ਪੱਕਣ ਵਾਲੀ ਕਿਸਮ ਹੈ। ਜੇਕਰ ਇਸ ਕਿਸਮ ਦੀ ਬਿਜਾਈ ਅਗੇਤੀ ਕੀਤੀ ਜਾਵੇ ਤਾਂ ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕੋਰਾ ਪੈਣ ਕਾਰਨ ਦਾਣੇ ਘੱਟ ਬਣਦੇ ਹਨ। ਜਿਸ ਕਰਕੇ ਝਾੜ ਘੱਟ ਜਾਂਦਾ ਹੈ।

**ਖਾਦਾਂ ਦੀ ਸਹੀ ਵਰਤੋਂ :** ਜੈਵਿਕ ਖਾਦਾਂ ਜਿਵੇਂ ਕਿ ਰੂੜੀ ਦੀ ਖਾਦ 10 ਟਨ ਪ੍ਰਤੀ ਏਕੜ ਜਾਂ ਮੁਰਗੀਆਂ ਦੀ ਖਾਦ 2.5 ਟਨ ਪ੍ਰਤੀ ਏਕੜ ਜਾਂ ਹਰੀ ਖਾਦ ਜਿਵੇਂ ਕਿ ਢੈਂਚਾ ਜਾਂ ਸਣ ਜਾਂ ਚੌਲਾਂ ਦੀ ਫੱਕ ਦੀ ਸੁਆਹ ਜਾਂ ਗੰਨਿਆਂ ਦੇ ਪੀੜ ਦੀ ਸੁਆਹ 4 ਢੈਂਚਾ ਜਾਂ ਸਣ ਜਾਂ ਚੌਲਾਂ ਦੀ ਫੱਕ ਦੀ ਸੁਆਹ ਜਾਂ ਗੰਨਿਆਂ ਦੇ ਪੀੜ ਦੀ ਸੁਆਹ 4 ਟਨ ਪ੍ਰਤੀ ਏਕੜ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਜੋ ਮਿੱਟੀ ਦੀ ਗੁਣਵੱਤਾ ਵਧਾਉਣ ਦੇ ਨਾਲ ਨਾਲ ਰਸਾਇਣਿਕ ਖਾਦਾਂ ਤੇ ਹੋਣ ਵਾਲੇ ਖਰਚਿਆਂ ਨੂੰ ਘਟਾਉਣ ਦੇ ਨਾਲ ਨਾਲ ਮਿੱਟੀ ਦੀ ਸਿਹਤ ਦੀ ਸੁਧਾਰੀ ਜਾ ਸਕੇ।

**ਰਵਾਇਤੀ ਬਿਜਾਈ ਲਈ ਖਾਦ ਪ੍ਰਬੰਧ :** ਜੇਕਰ ਮਿੱਟੀ ਦੀ ਪਰਖ ਨਾ ਕਰਵਾਈ ਹੋਵੇ ਤਾਂ ਦਰਮਿਆਨੀਆਂ ਜ਼ਮੀਨਾਂ ਵਿੱਚ 90 ਕਿੱਲੋ ਯੂਰੀਆ ਅਤੇ 55 ਕਿਲੋ ਡੀ ਏ ਪੀ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਸਾਰੀ ਡੀ ਏ ਪੀ ਬਿਜਾਈ ਵਲੇ ਦਿਓ ਅਤੇ ਅੱਧੀ ਯੂਰੀਆ ਪਹਿਲੇ ਪਾਣੀ ਵੇਲੇ ਛੱਟੇ ਨਾਲ ਪਾਉ। ਬੱਚਦੀ ਅੱਧੀ ਯੂਰੀਆ ਦੂਜੇ ਪਾਣੀ ਵੇਲੇ ਛੱਟੇ ਨਾਲ ਪਾਓ। ਵੱਖ ਵੱਖ ਢੰਗਾਂ ਨਾਲ ਪਰਾਲੀ ਦੀ ਖੇਤ ਦੀ ਸਾਂਭ ਸੰਭਾਲ ਉਪਰੰਤ ਬੀਜੀ ਕਣਕ ਵਿੱਚ 65 ਕਿਲੋ ਡੀ ਏ ਪੀ ਪ੍ਰਤੀ ਏਕੜ ਬਿਜਾਈ ਸਮੇਂ ਹੀ ਪਹੋਰ ਦਿਓ। 45 ਕਿਲੋ ਯੂਰੀਆ ਪਹਿਲੇ ਪਾਣੀ ਤੋਂ ਪਹਿਲਾਂ ਪਾਓ ਅਤੇ ਬਕਾਇਆ 45 ਕਿਲੋ ਯੂਰੀਆ ਦੂਸਰੇ ਪਾਣੀ ਤੋਂ ਪਹਿਲਾਂ ਪਾ ਦਿਓ।

**ਸਿੰਚਾਈ ਦਾ ਸਹੀ ਸਮਾਂ :** ਕਣਕ ਦੀ ਬਿਜਾਈ ਭਰਵੀਂ ਰੌਣੀ ਕਰ ਕੇ ਕਰਨੀ ਚਾਹੀਦੀ ਹੈ। ਜੇਕਰ ਝੋਨੇ ਦੀ ਫ਼ਸਲ ਕੱਟਣ ਵਿੱਚ ਦੇਰੀ ਹੋ ਰਹੀ ਹੋਵੇ ਤਾਂ ਖੜੇ ਝੋਨੇ ਵਿੱਚ ਕਟਾਈ ਤੋਂ 5 ਤੋਂ 10 ਦਿਨ (ਜ਼ਮੀਨ ਅਨੁਸਾਰ) ਪਹਿਲਾਂ ਹੀ ਰੌਣੀ ਵਾਲਾ ਪਾਣੀ ਲਗਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਫ਼ਸਲ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ। ਪਾਣੀ ਦੀ ਸੁਚੱਜੀ ਵਰਤੋਂ ਲਈ ਖੇਤ ਵਿੱਚ ਕਿਆਰੇ ਜ਼ਰੂਰ ਪਾਉਣੇ ਚਾਹੀਦੇ ਹਨ। ਬਿਜਾਈ ਤੋਂ ਬਾਅਦ ਪਹਿਲਾ ਪਾਣੀ ਹਲਕਾ ਲਾਉਣਾ ਚਾਹੀਦਾ ਹੈ। ਅਕਤੂਬਰ ਵਿੱਚ ਬੀਜੀ ਕਣਕ ਨੂੰ ਪਹਿਲਾ ਪਾਣੀ ਬਿਜਾਈ ਤੋਂ ਤਿੰਨ ਹਫਤਿਆਂ ਬਾਅਦ ਜਦੋਂਕਿ ਨਵੰਬਰ ਵਿੱਚ ਬੀਜੀ ਕਣਕ ਨੂੰ ਬਿਜਾਈ ਤੋਂ ਚਾਰ ਹਫ਼ਤਿਆਂ ਬਾਅਦ ਲਗਾਉਣਾ ਚਾਹੀਦਾ ਹੈ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 43
ਮਿਤੀ 25-10-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH,**
Printer, Publisher and Owner of Weekly
**'KHETI DUNIYAN'** Printed at **Varginia Printers,**
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਲੰਬੀ ਹੋ ਰਹੀ ਗਰਮੀ ਦੀ ਰੁੱਤ ਦੇ ਖ਼ਤਰੇ


ਗੁਰਚਰਨ ਸਿੰਘ ਨੂਰਪੁਰ
ਮੋਬਾਇਲ : 98550-51099


ਅਸੀਂ ਧਰਤੀ ਵਾਸੀ ਵਾਤਾਵਰਨ ਦੀ ਤਬਾਹੀ ਕਰਕੇ ਆਪਣੀ ਮਨਪਸੰਦ ਦੀ ਦੁਨੀਆ ਸਿਰਜਣ ਦੀ ਕੋਸ਼ਿਸ਼ ਵਿੱਚ ਹਾਂ। ਮਨੁੱਖ ਅੰਦਰੋਂ ਸਹਿਜ, ਸਬਰ, ਸੰਜਮ ਮਨਫੀ ਹੋ ਗਿਆ ਹੈ, ਉਹ ਧਰਤੀ ਦੇ ਹਰ ਕੋਨੇ ਠੰਢੀਆਂ ਥਾਵਾਂ, ਉੱਚੀਆਂ ਪਹਾੜੀ ਚੋਟੀਆਂ, ਡੂੰਘੇ ਸਮੁੰਦਰਾਂ ਸਭ ਪਾਸੇ ਕਾਬਜ਼ ਹੋਣ ਲਈ ਬਜ਼ਿੱਦ ਹੈ। ਇਸੇ ਮਨੋਬਿਰਤੀ ਤਹਿਤ ਉਹ ਸੜਕਾਂ, ਰੇਲ ਪਟੜੀਆਂ, ਹਵਾਈ ਅੱਡਿਆਂ, ਗੈਸ ਪਾਈਪਾਂ ਦਾ ਨਿਰਮਾਣ ਕਰ ਰਿਹਾ ਹੈ। ਜਿਸ ਲਈ ਬਹੁਤ ਸਾਰਾ ਪਾਣੀ, ਲੋਹਾ, ਕੋਲਾ, ਪੱਥਰ, ਲੁੱਕ, ਸੀਮੈਂਟ, ਰਬੜ, ਤੇਲ, ਬਿਜਲੀ, ਲਕੜ ਤੇ ਹੋਰ ਕਿੰਨਾ ਕੁਝ ਚਾਹੀਦਾ ਹੈ, ਜਿਨ੍ਹਾਂ ਨੂੰ ਹਾਸਲ ਕਰਨ ਲਈ ਜੰਗਲਾਂ, ਪਹਾੜਾਂ, ਪਾਣੀਆਂ ਦੀ ਤਬਾਹੀ ਹੋਣੀ ਕੁਦਰਤੀ ਹੈ। ਮਨੁੱਖ ਦੀ ਕੋਸ਼ਿਸ਼ ਹੈ ਕਿ ਦਿਨਾਂ ਦੀ ਦੂਰੀ ਘੰਟਿਆਂ ਵਿੱਚ ਤੇ ਘੰਟਿਆਂ ਦਾ ਸਫ਼ਰ ਮਿੰਟਾਂ ਵਿੱਚ ਮੁਕਾ ਲਿਆ ਜਾਵੇ। ਕੁਦਰਤੀ ਸਾਧਨਾਂ ਨੂੰ ਲੁੱਟਣ ਲਈ ਹਰ ਅੜਿੱਕੇ ਨੂੰ ਤੇਜ਼ੀ ਨਾਲ ਦੂਰ ਕਰਨ ਲਈ ਜੰਗਲ ਤਬਾਹ ਕੀਤੇ ਜਾ ਰਹੇ ਹਨ, ਧਰਤੀ ਹੇਠਲੇ ਖਣਿਜਾਂ ਨੂੰ ਕੱਢਣ ਲਈ ਭਾਰੀ ਮਸ਼ੀਨਾਂ ਵਰਤਣ ਤੋਂ ਇਲਾਵਾ ਪਹਾੜਾਂ ਵਿੱਚ ਸੜਕਾਂ ਬਣਾਉਣ ਤੇ ਰੇਲਵੇ ਲਾਈਨਾਂ ਵਿਛਾਉਣ ਲਈ ਉਨ੍ਹਾਂ ਨੂੰ ਬੰਬਾਂ ਨਾਲ ਉਡਾਇਆ ਜਾ ਰਿਹਾ ਹੈ। ਅੱਜ ਮਨੁੱਖ ਇੰਨਾ ਬੇਲਿਹਾਜ਼ ਹੋ ਕੇ ਧਰਤੀ ਦਾ ਮਾਲਕ ਬਣ ਬੈਠਾ ਹੈ, ਜਿਵੇਂ ਇਸ 'ਤੇ ਰਹਿਣ ਦਾ ਹੋਰ ਜੀਵਾਂ, ਪਸ਼ੂਆਂ, ਪੰਛੀਆਂ ਤੇ ਪਰਿੰਦਿਆਂ ਨੂੰ ਕੋਈ ਹੱਕ ਹੀ ਨਾ ਹੋਵੇ। ਪੰਜਾਬ ਦਾ ਔਸਤ ਤਾਪਮਾਨ ਮਈ ਵਿਚ ਵੱਧ ਤੋਂ ਵੱਧ 38-42 ਡਿਗਰੀ ਸੈਲਸੀਅਸ ਤੇ ਜੂਨ ਵਿੱਚ 40-43 ਡਿਗਰੀ ਤੱਕ ਹੁੰਦਾ ਸੀ। ਪਰ ਪਿਛਲੇ ਕੁਝ ਸਾਲਾਂ ਦੌਰਾਨ ਗਰਮੀ ਵਿੱਚ ਹੋਏ ਰਿਕਾਰਡ ਤੋੜ ਵਾਧੇ ਕਾਰਨ ਇਸ ਵਾਰ ਲੁਧਿਆਣਾ ਦਾ ਤਾਪਮਾਨ ਮਈ-ਜੂਨ ਵਿੱਚ 45 ਡਿਗਰੀ ਤੇ ਬਠਿੰਡਾ ਦਾ 46.9 ਡਿਗਰੀ ਤੱਕ ਪੁੱਜ ਗਿਆ। ਕੁਦਰਤ ਆਪਣੇ ਕੰਮਾਂ ਵਿੱਚ ਵਧੇਰੇ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੀ ਹੁੰਦੀ, ਇਸ ਦਾ ਖਮਿਆਜ਼ਾ ਮਨੁੱਖ ਸਮੇਤ ਧਰਤੀ 'ਤੇ ਰਹਿਣ ਵਾਲੇ ਸਭ ਜੀਵ-ਜੰਤੂਆਂ ਨੂੰ ਭੁਗਤਣਾ ਪੈ ਰਿਹਾ ਹੈ। ਸਾਡਾ ਵਾਤਾਵਰਨ ਗਰਮ ਹੋ ਰਿਹਾ ਹੈ ਅਤੇ ਗਰਮੀ ਵਧਣ ਕਾਰਨ ਧਰਤੀ 'ਤੇ ਲੂ (ਹੀਟਵੇਵਜ਼) ਦਾ ਸਮਾਂ ਵਧ ਰਿਹਾ ਹੈ। ਮਨੁੱਖ ਵਲੋਂ ਵਾਤਾਵਰਨ ਨਾਲ ਛੇੜਛਾੜ ਕਰਨ ਨਾਲ ਹੁਣ ਗਰਮੀ ਦੀ ਰੁੱਤ ਲੰਬੀ ਹੋ ਰਹੀ ਹੈ ਅਤੇ ਸਰਦੀਆਂ ਦਾ ਸਮਾਂ ਘਟਦਾ ਜਾ ਰਿਹਾ ਹੈ। ਜਿਸ ਦਾ ਮਨੁੱਖ ਸਮੇਤ ਸਭ ਜੀਵ ਜਾਤੀਆਂ ਤੇ ਫ਼ਸਲਾਂ 'ਤੇ ਮਾਰੂ ਪ੍ਰਭਾਵ ਪੈਣਾ ਸ਼ੁਰੂ ਹੋ ਰਿਹਾ ਹੈ।

**ਸਾਡੇ ਜੀਵਨ ਤੇ ਪ੍ਰਭਾਵ** : ਆਲਮੀ ਤਪਸ਼ (ਗਲੋਬਲ ਵਾਰਮਿੰਗ) ਕਾਰਨ ਹਰ ਸਾਲ ਵਧ ਰਹੀ ਗਰਮੀ ਦਾ ਸਾਡੇ ਜੀਵਨ 'ਤੇ ਬਹੁਤ ਮਾੜਾ ਪ੍ਰਭਾਵ ਪਵੇਗਾ ਤੇ ਇਸ ਨਾਲ ਸਭ ਦੀ ਔਸਤ ਉਮਰ ਘਟੇਗੀ। ਗਰਮੀ ਵਧਣ ਨਾਲ ਲੋਕਾਂ ਵਿੱਚ ਗੁਰਦਿਆਂ, ਹਾਰਟ ਅਟੈਕ, ਹਾਈ ਬਲੱਡ ਪ੍ਰੈਸ਼ਰ, ਬ੍ਰੇਨ ਸਟਰੋਕ, ਹੀਟ ਸਟਰੋਕ ਜਿਹੀਆਂ ਮਾਰੂ ਬਿਮਾਰੀਆਂ ਵਿੱਚ ਵਾਧਾ ਹੋਣ ਲੱਗਾ ਹੈ। ਬੱਚਿਆਂ ਤੇ ਬਜ਼ੁਰਗਾਂ ਵਿੱਚ ਡੀਹਾਈਡ੍ਰੇਸ਼ਨ ਦੀ ਸਮੱਸਿਆ ਵੱਧ ਰਹੀ ਹੈ। ਗਰਮ ਮੌਸਮ ਵਿੱਚ ਕੀਟਾਣੂ ਤੇ ਵਿਸ਼ਾਣੂ ਜ਼ਿਆਦਾ ਵਧਦੇ ਹਨ, ਜਿਸ ਕਰਕੇ ਡੇਂਗੂ ਤੇ ਮਲੇਰੀਆ ਜਿਹੀਆਂ ਬਿਮਾਰੀਆਂ ਵੱਧਣ ਲੱਗੀਆਂ ਹਨ। ਵਿਸ਼ਵ ਪੱਧਰ 'ਤੇ ਗਰਮੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੇ ਮੌਤ ਦੀ ਦਰ ਵੀ ਵੱਧਣ ਲੱਗੀ ਹੈ। ਪੰਜਾਬ ਨਵੰਬਰ ਮਹੀਨੇ ਵਿੱਚ ਤਾਂ ਇੱਕ ਗੈਸ ਚੈਂਬਰ ਬਣ ਜਾਂਦਾ ਹੈ, ਜਿਸ ਦੌਰਾਨ ਹਰ ਪੰਜਾਬੀ ਬੱਚੇ, ਬੁੱਢੇ ਤੇ ਜਵਾਨ ਨੂੰ ਤਕਰੀਬਨ 25 ਸਿਗਰਟਾਂ ਜਿੰਨਾ ਧੂੰਆ ਆਪਣੇ ਅੰਦਰ ਜਜ਼ਬ ਕਰਨਾ ਪੈਂਦਾ ਹੈ। ਸੂਬੇ ਵਿੱਚ ਹਾਰਟ ਅਟੈਕ, ਦਮੇਂ ਅਤੇ ਛਾਤੀ ਦੇ ਰੋਗ ਵਧਣ ਕਰਕੇ ਇਨ੍ਹਾਂ ਨਾਲ ਨਵੰਬਰ, ਦਸੰਬਰ ਤੇ ਜਨਵਰੀ ਵਿੱਚ ਜ਼ਿਆਦਾ ਲੋਕ ਮਰਨ ਲੱਗੇ ਹਨ। ਹੁਣ ਜਲਵਾਯੂ ਪਰਿਵਰਤਨ ਤੇ ਪ੍ਰਦੂਸ਼ਣ ਸਾਡੀ ਜਾਨ ਦਾ ਖੌਅ ਬਣਨ ਲੱਗਾ ਹੈ।

**ਫ਼ਸਲਾਂ ਤੇ ਜੀਵ-ਜੰਤੂਆਂ 'ਤੇ ਪ੍ਰਭਾਵ** : ਤਾਪਮਾਨ ਦੇ ਵਧਣ ਨਾਲ ਜਿੱਥੇ ਫ਼ਸਲੀ ਵਿਭਿੰਨਤਾ ਪ੍ਰਭਾਵਿਤ ਹੋ ਰਹੀ ਹੈ ਉੱਥੇ ਸਾਡੀਆਂ ਫ਼ਸਲਾਂ ਦਾ ਝਾੜ 15 ਫ਼ੀਸਦੀ ਤੋਂ 30 ਫ਼ੀਸਦੀ ਘੱਟਣ ਲੱਗਾ ਹੈ। ਮੌਸਮੀ ਪੈਟਰਨ ਬਦਲਣ ਕਰਕੇ ਫ਼ਸਲ ਦੀ ਲੋੜ ਸਮੇਂ ਬਾਰਿਸ਼ ਨਹੀਂ ਪੈਂਦੀ ਜਾਂ ਬੇਹਿਸਾਬੀ ਪੈ ਜਾਂਦੀ ਹੈ, ਜਦੋਂ ਫ਼ਸਲਾਂ ਨੂੰ ਨਮੀ ਦੀ ਲੋੜ ਹੁੰਦੀ ਹੈ ਤਾਂ ਮੌਸਮ ਖੁਸ਼ਕ ਹੋ ਜਾਂਦਾ ਹੈ। ਇਹ ਮੌਸਮੀ ਤਬਦੀਲੀਆਂ ਫ਼ਸਲਾਂ ਦੀ ਪੈਦਾਵਾਰ ਘਟਾ ਰਹੀਆਂ ਹਨ, ਜਿਸ ਨਾਲ ਭਵਿੱਖ ਵਿੱਚ ਅਨਾਜ ਸੰਬੰਧੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਜਲਵਾਯੂ ਪਰਿਵਰਤਨ ਅਤੇ ਜੰਗਲਾਂ ਵਿੱਚ ਲੱਗਦੀਆਂ ਅੱਗਾਂ ਨੇ ਜੰਗਲੀ ਜੀਵਾਂ ਲਈ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਹੈ। ਪੰਜਾਬ ਵਿੱਚ 2025 ਦੌਰਾਨ ਕਈ ਥਾਵਾਂ 'ਤੇ ਅਚਾਨਕ ਅੱਗ ਲੱਗਣ ਨਾਲ ਕਈ ਮਨੁੱਖੀ ਜਾਨਾਂ ਗਈਆਂ ਤਾਂ ਪਸ਼ੂ ਅਤੇ ਜੀਵ-ਜੰਤੂ ਵੀ ਪ੍ਰਭਾਵਿਤ ਹੋਏ। ਇਸ ਸਾਲ ਹਰੀਕੇ ਵੈਟਲੈਂਡ ਜੰਗਲੀ ਰੁੱਖ ਨੂੰ ਅੱਗ ਲੱਗਣ ਨਾਲ ਕਈ ਕਿਲੋਮੀਟਰਾਂ ਤੱਕ ਜੰਗਲੀ ਬਨਸਪਤੀ ਸੜ ਗਈ। ਇਸ ਭਿਆਨਕ ਅੱਗ ਵਿੱਚ ਸੜਦੇ ਪੰਛੀਆਂ ਦੀਆਂ ਆਵਾਜ਼ਾਂ ਕਿਲੋਮੀਟਰਾਂ ਤੱਕ ਲੋਕਾਂ ਨੇ ਸੁਣੀਆਂ, ਗਰਮੀ ਵਧਣ ਨਾਲ ਹਰ ਸਾਲ ਅੱਗਾਂ ਲੱਗਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਕਈ-ਕਈ ਕਿਲੋਮੀਟਰਾਂ ਤੱਕ ਫੈਲੀ ਅੱਗ ਨੂੰ ਬੁਝਾਉਣਾ ਮਨੁੱਖ ਦੇ ਵੱਸੋਂ ਬਾਹਰ ਹੁੰਦਾ ਜਾ ਰਿਹਾ ਹੈ। ਇਸ ਵਾਰ ਲਾਸ-ਏਂਜਲਸ ਵਿੱਚ ਲੱਗੀ ਅੱਗ ਦਾ ਤਾਂਡਵ ਪੂਰੀ ਦੁਨੀਆ ਨੇ ਅੱਖੀਂ ਵੇਖਿਆ ਹੈ। ਹਰ ਸਾਲ ਵੱਧ ਰਿਹਾ ਤਾਪਮਾਨ ਜੰਗਲੀ ਜੀਵ-ਜੰਤੂਆਂ ਲਈ ਮਾੜਾ ਸਾਬਤ ਹੋ ਰਿਹਾ ਹੈ। ਇਸ ਨਾਲ ਪੰਛੀਆਂ ਵਿੱਚ ਪ੍ਰਜਨਣ ਦੀ ਪ੍ਰਕਿਰਿਆ ਵੀ ਪ੍ਰਭਾਵਿਤ ਹੋ ਰਹੀ ਹੈ। ਮੌਸਮੀ ਤਬਦੀਲੀਆਂ ਨਾਲ ਕਈ ਜੀਵ-ਜਾਤੀਆਂ ਧਰਤੀ ਤੋਂ ਲੁਪਤ ਹੋ ਰਹੀਆਂ ਹਨ ਜਾਂ ਲੁਪਤ ਹੋਣ ਦੀ ਕਗਾਰ 'ਤੇ ਹਨ।





**ਆਰਥਿਕਤਾ 'ਤੇ ਪ੍ਰਭਾਵ** : ਤੇਜ਼ੀ ਨਾਲ ਹੋ ਰਿਹਾ ਮੌਸਮੀ ਬਦਲਾਅ ਮਨੁੱਖੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਹਰ ਸਾਲ ਊਰਜਾ ਦੀ ਮੰਗ ਵੱਧਣ ਕਰਕੇ ਊਰਜਾ ਪੈਦਾ ਕਰਨ ਅਤੇ ਇਸ ਨੂੰ ਵਰਤਣ ਵਾਲੇ ਸਾਧਨਾਂ ਦੀ ਮੰਗ ਵੀ ਵੱਧ ਜਾਂਦੀ ਹੈ। ਮਿਸਾਲ ਵਜੋਂ ਗਰਮੀ ਵੱਧਣ ਕਰਕੇ ਸਾਨੂੰ ਵੱਧ ਬਿਜਲੀ ਦੀ ਲੋੜ ਪੈਂਦੀ ਹੈ ਤਾਂ ਵੱਧ ਬਿਜਲੀ ਪੈਦਾ ਕਰਨ ਲਈ ਜ਼ਿਆਦਾ ਪਾਣੀ ਤੇ ਕੋਲੇ ਦੀ ਖਪਤ ਹੁੰਦੀ ਹੈ। ਗਰਮੀ ਤੋਂ ਰਾਹਤ ਪਾਉਣ ਲਈ ਘਰਾਂ, ਦਫ਼ਤਰਾਂ, ਦੁਕਾਨਾਂ ਵਿੱਚ ਪਾਣੀ, ਪੱਖਿਆਂ, ਕੂਲਰਾਂ, ਫਰਿਜ਼ਾਂ ਅਤੇ ਏਸੀ ਆਦਿ ਦੀ ਮੰਗ ਵੱਧਣ ਕਰਕੇ ਬਿਜਲੀ ਦੀ ਖਪਤ ਵੀ ਹਰ ਸਾਲ ਵੱਧ ਰਹੀ ਹੈ। ਊਰਜਾ ਦੀ ਵਧੇਰੇ ਖਪਤ ਹੋਣ ਨਾਲ ਤਾਪਮਾਨ ਵਿੱਚ ਹੋਰ ਜ਼ਿਆਦਾ ਵਾਧਾ ਹੁੰਦਾ ਹੈ। ਗਰਮੀ ਵਧਣ ਨਾਲ ਕਿਰਤੀਆਂ, ਕਿਸਾਨਾਂ ਤੇ ਕਾਰੀਗਰਾਂ ਦੇ ਕੰਮ ਕਰਨ ਦੀ ਸਮੱਰਥਾ ਘੱਟਦੀ ਹੈ, ਜੋ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ।

**ਹੀਟ ਵੇਵਜ਼** : ਹੀਟ ਵੇਵਜ਼ ਤੋਂ ਭਾਵ ਗਰਮ ਹਵਾ ਦੀਆਂ ਲਹਿਰਾਂ ਜਾਂ ਲੂ ਤੋਂ ਹੈ। ਗਰਮੀਆਂ ਵਿੱਚ ਲੂ ਵਗਣ ਦਾ ਸਮਾਂ 10-15 ਦਿਨ ਹੁੰਦਾ ਸੀ, ਜੋ ਪਿਛਲੇ 3-4 ਸਾਲਾਂ ਦੌਰਾਨ 54 ਦਿਨ ਤੱਕ ਪਹੁੰਚ ਚੁੱਕਾ ਹੈ। ਵਿਸ਼ਵ ਭਰ ਵਿੱਚ ਤਾਪਮਾਨ 1.5 ਡਿਗਰੀ ਸੈਲਸੀਅਸ ਤੱਕ ਵੱਧ ਹੁੰਦਾ ਹੈ ਅਤੇ ਲੂ ਦੇ ਦਿਨ ਕਈ ਗੁਣਾਂ ਵੱਧ ਗਏ ਹਨ। ਦੁਨੀਆ ਭਰ ਵਿੱਚ ਅੱਗਾਂ ਲੱਗਣ ਦਾ ਪ੍ਰਕੋਪ ਵੱਧਿਆ ਹੈ ਅਤੇ ਬਰਫ਼ ਦੇ ਗਲੇਸ਼ੀਅਰ ਪਿਘਲਣ ਲੱਗੇ ਹਨ। ਜਿਸ ਕਰਕੇ ਹੜ੍ਹ, ਗਰਮੀ, ਬੇਮੌਸਮੀ ਵਰਖਾ ਦਾ ਗੈਰਕੁਦਰਤੀ ਮੌਸਮੀ ਚੱਕਰ ਦਾ ਅੱਥਰਾ ਵੇਗ ਸ਼ੁਰੂ ਹੋ ਗਿਆ ਹੈ। ਇਸ ਮੌਸਮੀ ਬਦਲਾਅ ਕਰਕੇ ਧਰਤੀ ਦਾ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਲੱਗਾ ਹੈ। ਸਾਨੂੰ ਸਮਝਣਾ ਹੋਵੇਗਾ ਕਿ ਧਰਤੀ ਇੱਕਲੇ ਮਨੁੱਖ ਦੀ ਮਲਕੀਅਤ ਨਹੀਂ ਹੈ ਅਤੇ ਇੱਥੇ ਰਹਿਣ ਸਹਿਣ ਵੱਧਣ ਫੁੱਲਣ ਵਿਗਸਣ ਦਾ ਹੋਰ ਜੀਵ-ਜੰਤੂਆਂ, ਪਸ਼ੂਆਂ, ਪਰਿੰਦਿਆਂ, ਰੁੱਖਾਂ, ਜੰਗਲਾਂ, ਵਣਾਂ ਤੇ ਬਨਸਪਤੀਆਂ ਨੂੰ ਵੀ ਹੱਕ ਹੈ। ਇਸ ਧਰਤੀ 'ਤੇ ਸਾਨੂੰ ਅਜਿਹੇ ਕਿਸੇ ਵੀ ਮਾਰੂ ਵਿਕਾਸ ਤੋਂ ਤੌਬਾ ਕਰਨ ਦੀ ਲੋੜ ਹੈ, ਜੋ ਸਾਡੇ ਜਿਊਣ ਦੀਆਂ ਹਾਲਤਾਂ ਨੂੰ ਪ੍ਰਭਾਵਿਤ ਕਰਦੇ ਹਨ। ਮਨੁੱਖ ਦੀ ਵਿਕਾਸ ਤੇ ਤਰੱਕੀ ਲਈ ਕੀਤੀ ਜਾਣ ਵਾਲੀ ਕੋਈ ਵੀ ਸਰਗਰਮੀ ਧਰਤੀ ਦੇ ਜਲਵਾਯੂ ਨੂੰ ਧਿਆਨ ਵਿੱਚ ਰੱਖ ਕੇ ਹੀ ਹੋਣੀ ਚਾਹੀਦੀ ਹੈ।

ਸਾਨੂੰ ਧਰਤੀ ਦੇ ਅਨਮੁੱਲੇ ਸਾਧਨਾਂ ਦੀ ਸੋਚ-ਸਮਝ ਕੇ ਵਰਤੋਂ ਕਰਨੀ ਚਾਹੀਦੀ ਹੈ। ਵਿਸ਼ਵ ਭਰ ਦੀਆਂ ਸਰਕਾਰਾਂ ਨੂੰ ਧਰਤੀ ਦੇ ਵੱਧ ਰਹੇ ਤਾਪਮਾਨ ਪ੍ਰਤੀ ਚਿੰਤਤ ਹੋਣ ਦੀ ਲੋੜ ਹੈ। ਊਰਜਾ ਲਈ ਕੋਲੇ ਤੇ ਪੈਟਰੋਲ ਡੀਜ਼ਲ ਦੀ ਵਰਤੋਂ ਘਟਾ ਕੇ 'ਸੋਲਰ ਅਤੇ ਵਿੰਡ' ਊਰਜਾ ਦੇ ਸਾਧਨ ਵਧਾਉਣੇ ਚਾਹੀਦੇ ਹਨ। ਵਰਖਾ ਦੇ ਪਾਣੀ ਨੂੰ ਸੰਭਾਲਣ ਲਈ ਵੱਡੇ ਉਪਰਾਲੇ ਕਰਨ ਤੋਂ ਇਲਾਵਾ ਵੱਧ ਤੋਂ ਵੱਧ ਰੁੱਖ ਲਗਾ ਕੇ ਗਰਮੀ ਦੇ ਪ੍ਰਕੋਪ ਨੂੰ ਘੱਟ ਕੀਤਾ ਜਾ ਸਕਦਾ ਹੈ। ਅਸੀਂ ਆਪਣੇ ਭਲੇ ਲਈ ਦਿਨ-ਰਾਤ ਭੱਜੇ ਫਿਰਦੇ ਹਾਂ, ਹੁਣ ਸਾਨੂੰ ਸਰਬਤ ਦੇ ਭਲੇ ਲਈ ਵਾਤਾਵਰਨ ਨੂੰ ਸੰਭਾਲਣ ਲਈ ਫ਼ਿਕਰਮੰਦ ਹੋਣ ਦੀ ਲੋੜ ਹੈ। ਜਲਵਾਯੂ ਪਰਿਵਰਤਨ ਧਰਤੀ ਦੀ ਲਾਲ ਲਕੀਰ ਨੂੰ ਪਾਰ ਕਰ ਚੁੱਕਾ ਹੈ, ਹੁਣ ਪੂਰੀ ਦੁਨੀਆ ਵਿੱਚ ਵਾਤਾਵਰਨ ਦੀ ਸੰਭਾਲ ਲਈ ਇੱਕ ਵੱਡੀ ਮੁਹਿੰਮ ਸ਼ੁਰੂ ਕਰਨ ਦੀ ਲੋੜ ਹੈ। ਹੁਣ ਸਾਨੂੰ ਸਿਰਫ਼ ਆਪਣਾ ਨਹੀਂ, ਸਗੋਂ ਦੂਜਿਆਂ ਦਾ ਵੀ ਭਲਾ ਮੰਗਣ ਤੇ ਕਰਨ ਲਈ ਯਤਨ ਕਰਨੇ ਚਾਹੀਦੇ ਹਨ।



# ਪਰਾਲੀ ਦੀ ਸੰਭਾਲ ਕਿਵੇਂ ਕਰੀਏ

**ਮਿਲਖਾ ਸਿੰਘ ਔਲਖ,** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਡੀਨ (ਐਗਰੀਕਲਚਰ) ਅਤੇ ਬਾਂਦਾ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਟੈਕਨੋਲੋਜੀ, ਉੱਤਰ ਪ੍ਰਦੇਸ਼ ਦੇ ਬਾਨੀ ਉਪ-ਕੁਲਪਤੀ ਹਨ। (ਮੋਬਾਇਲ : 96468-58598)

**ਕਾਬਲ ਸਿੰਘ ਗਿੱਲ,** ਸਾਬਕਾ ਖੋਜ ਵਿਗਿਆਨੀ (ਇਕਰੀਸੈਟ, ਜ਼ਾਂਬੀਆ ਯੂਨੀਵਰਸਿਟੀ, ਐਗਰੀਕਲਚਰ ਤੇ ਐਗਰੀ ਫੂਡ, ਕੈਨੇਡਾ) ਹਨ। (ਮੋਬਾਇਲ : +1-780-837-1143)

> ਪਰਾਲੀ ਨਾਲ ਸੰਬੰਧਿਤ ਚੁਣੌਤੀਆਂ ਦੇ ਹੱਲ ਲਈ ਸਰਕਾਰ ਆਰਥਿਕ ਮਦਦ ਕਰੇ ਤਾਂ ਕਿ ਪਹਿਲਾਂ ਹੀ ਕਰਜ਼ੇ ਹੇਠ ਦੱਬੇ ਕਿਸਾਨਾਂ ’ਤੇ ਹੋਰ ਬੋਝ ਨਾ ਪਵੇ। ਛੋਟੇ ਕਿਸਾਨਾਂ ਲਈ ਸਹਿਕਾਰੀ, ਖੇਤੀ ਉਦਯੋਗ ਜਾਂ ਹੋਰ ਸਰਕਾਰੀ ਮਸ਼ੀਨਾਂ ਘੱਟ ਕਿਰਾਏ ਵਿੱਚ ਉਪਲਬਧ ਹੋਣ ਜਾਂ ਵਿੱਤੀ ਸਹਾਇਤਾ ਮਿਲੇ।

**ਝੋਨੇ ਦੀ ਪਰਾਲੀ ਸੰਭਾਲਣ ਦੇ ਅਨੇਕ ਲਾਭਦਾਇਕ ਤਰੀਕੇ ਹੁੰਦਿਆਂ ਵੀ ਕਿਸਾਨ ਪਰਾਲੀ ਦਾ ਵੱਡਾ ਹਿੱਸਾ ਖੇਤਾਂ ਵਿੱਚ ਸਾੜਦੇ ਹਨ। ਪਰਾਲੀ ਸਾੜਨਾ ਕਿਸਾਨ ਲਈ 5068 ਰੁਪਏ ਪ੍ਰਤੀ ਏਕੜ ਨੁਕਸਾਨ ਦੇ ਨਾਲ-ਨਾਲ ਜ਼ਮੀਨ ਵਿੱਚ ਲਾਭਦਾਇਕ ਜੈਵਿਕ ਪਦਾਰਥ ਖ਼ਤਮ ਕਰਨ, ਸੂਖ਼ਮ ਜੀਵਾਣੂ ਮਾਰਨ, ਬਿਮਾਰੀਆਂ ਫੈਲਾਉਣ ਵਾਂਗ ਹੈ। ਇਉਂ ਜ਼ਮੀਨ ਦੀ ਭੌਤਿਕ, ਰਸਾਇਣਕ ਤੇ ਜੈਵਿਕ ਸਿਹਤ, ਪੌਸ਼ਟਿਕ ਤੱਤ ਤੇ ਪਾਣੀ ਸੰਭਾਲਣ ਦੀ ਸਮਰੱਥਾ ਅਤੇ ਪੈਦਾਵਾਰ ਵੀ ਘਟਦੇ ਹਨ। ਖੋਜ ਨੇ ਪੁਸ਼ਟੀ ਕੀਤੀ ਹੈ ਕਿ ਪਰਾਲੀ ਸਾੜਨ ਵਾਲੇ ਖੇਤਰ ਵਿੱਚ ਰਹਿੰਦੇ ਲੋਕਾਂ ਦੇ ਫੇਫੜਿਆਂ ਵਿੱਚ 5 ਮਿਲੀਮੀਟਰ ਕਣ ਵਧੇ ਤੇ ਕੰਮ ਕਰਨ ਦੀ ਤਾਕਤ ਘਟੀ ਹੈ।**

## ਪਰਾਲੀ ਤੋਂ ਲਾਭ ਲੈਣ ਦੇ ਢੰਗ-ਤਰੀਕੇ

**1) ਪਸ਼ੂਆਂ ਦੇ ਚਾਰੇ ਅਤੇ ਮਲ-ਮੂਤਰ ਸੰਭਾਲਣ ਲਈ ਵਰਤਣਾ :** ਪਸ਼ੂਆਂ ਦੇ ਚਾਰੇ ਵਜੋਂ ਪਰਾਲੀ ਦੀ ਵਰਤੋਂ ਸਭ ਤੋਂ ਵਧੀਆ ਤਰੀਕਾ ਹੈ ਅਤੇ ਇਹ ਪਸ਼ੂਆਂ ਲਈ ਪੱਠਿਆਂ ਦਾ ਖ਼ਰਚਾ ਵੀ ਘਟਾਉਂਦਾ ਹੈ, ਪਰ ਧਿਆਨ ਰਹੇ ਕਿ ਜ਼ਿਆਦਾ ਪਰਾਲੀ ਖਾਣ ਨਾਲ ਜਾਨਵਰਾਂ ਦੀ ਸਿਹਤ ’ਤੇ ਬੁਰਾ ਅਸਰ ਪੈ ਸਕਦਾ ਹੈ। ਪਸ਼ੂਆਂ ਦੇ ਮਲ-ਮੂਤਰ ਨਾਲ ਰਲਾ ਕੇ ਰੂੜੀ ਬਣਾਉਣਾ ਪਰਾਲੀ ਸੰਭਾਲਣ ਦਾ ਅਗਲਾ ਵਧੀਆ ਤਰੀਕਾ ਹੈ। ਜਾਨਵਰਾਂ ਦੀ ਖ਼ੁਰਾਕ ਦਾ ਲਗਭਗ 90% ਹਿੱਸਾ ਪੇਸ਼ਾਬ (ਲਗਭਗ ਸਾਰੀ ਨਾਈਟਰੋਜਨ) ਅਤੇ ਗੋਹੇ (ਜ਼ਿਆਦਾਤਰ ਪੌਸ਼ਟਿਕ ਤੱਤ) ਰਾਹੀਂ ਨਿਕਲ ਜਾਂਦਾ ਹੈ। ਇੱਕ ਪਸ਼ੂ ਦੇ ਪਿਸ਼ਾਬ ਵਿੱਚ ਹਰ ਸਾਲ ਯੂਰੀਆ ਖਾਦ ਦੇ 3-4 ਥੈਲਿਆਂ ਬਰਾਬਰ ਨਾਈਟਰੋਜਨ ਹੁੰਦੀ ਹੈ। ਕਿਸਾਨ ਆਮ ਕਰ ਕੇ ਪਸ਼ੂਆਂ ਦੇ ਗੋਹੇ ਦੀ ਰੂੜੀ ਬਣਾਉਂਦੇ ਹਨ ਪਰ ਬਹੁਤਾ ਪਿਸ਼ਾਬ ਵਰਤਿਆ ਨਹੀਂ ਜਾਂਦਾ, ਜਿਹੜਾ ਧਰਤੀ, ਪਾਣੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ।

ਸਾਰੇ ਪਿਸ਼ਾਬ ਅਤੇ ਗੋਹੇ ਨੂੰ ਵਰਤ ਕੇ ਰੂੜ੍ਹੀ ਬਣਾਉਣ ਲਈ ਸਥਾਨਕ ਤਰੀਕੇ ਵਰਤੇ ਜਾ ਸਕਦੇ ਹਨ। ਪਸ਼ੂਆਂ ਨੂੰ ਰੱਖਣ ਵਾਲੀਆਂ ਥਾਵਾਂ ’ਤੇ ਪਰਾਲੀ ਤੇ ਹੋਰ ਰਹਿੰਦ-ਖੂੰਹਦ ਦੀ 20-30 ਸੈਂਟੀਮੀਟਰ ਮੋਟੀ ਪਰਤ ਵਿਛਾ ਕੇ ਫਿਰ ਇਸ ਦੀ ਰੂੜ੍ਹੀ ਬਣਾਈ ਜਾਵੇ। ਇਸ ਤਰ੍ਹਾਂ ਪਸ਼ੂ ਚਾਰੇ ਦੀ ਲਾਗਤ ਘਟਾਉਣ ਅਤੇ ਪਰਾਲੀ



ਦੀ ਰੂੜੀ ਤੇ ਪੌਸ਼ਟਿਕ ਤੱਤ ਤੇ ਜੈਵਿਕ ਪਦਾਰਥ ਖੇਤਾਂ ਵਿੱਚ ਪੈਣ ਕਰ ਕੇ ਲਾਭ ਮਿਲਣ ਨਾਲ ਜ਼ਮੀਨ, ਪਾਣੀ ਅਤੇ ਹਵਾ ਪ੍ਰਦੂਸ਼ਣ ਵੀ ਘਟਣਗੇ।

**2) ਪਰਾਲੀ ਨੂੰ ਖੇਤ ਵਿੱਚ ਵਰਤਣਾ :** ਇਹ ਅਗਲਾ ਵਧੀਆ ਤਰੀਕਾ ਹੈ। ਝੋਨਾ ਪੱਕਣ ਪਿੱਛੋਂ ਇਸ ਦੀ ਪਰਾਲੀ ਅਤੇ ਬਾਕੀ ਦੀ ਰਹਿੰਦ-ਖੂੰਹਦ ਵਿੱਚ ਫ਼ਸਲ ਦੀ ਲੋੜ ਦਾ ਲਗਭਗ 30% ਨਾਈਟਰੋਜਨ, 34% ਫਾਸਫੋਰਸ ਅਤੇ ਪੰਜ ਗੁਣਾ ਪੋਟਾਸ਼ੀਅਮ ਦੇ ਬਰਾਬਰ ਹੋ ਸਕਦਾ ਹੈ। ਸਾਰਾ ਰਹਿੰਦ-ਖੂੰਹਦ ਜ਼ਮੀਨ ਵਿੱਚ ਰਲਾਉਣ ਨਾਲ 30-50% ਤੱਕ ਰਸਾਇਣਕ ਖਾਦਾਂ ਦੀ ਬਚਤ ਹੋ ਸਕਦੀ ਹੈ। ਪਰਾਲੀ ਜ਼ਰੂਰੀ ਪੌਸ਼ਟਿਕ ਤੱਤਾਂ ਅਤੇ ਜੈਵਿਕ ਪਦਾਰਥ ਰਾਹੀਂ 5068 ਰੁਪਏ ਪ੍ਰਤੀ ਏਕੜ ਜ਼ਮੀਨ ਨੂੰ ਦਿੰਦੀ ਹੈ। ਨਾਲ ਪੌਸ਼ਟਿਕ ਤੱਤਾਂ ਦੇ ਪੱਧਰ ਅਤੇ ਪਾਣੀ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਕਰ ਕੇ ਜ਼ਮੀਨ ਦੀ ਪੈਦਾਵਾਰ ਨੂੰ ਵਧਾਉਂਦੀ ਹੈ ਅਤੇ ਪੌਸ਼ਟਿਕ ਤੱਤਾਂ ਨੂੰ ਜ਼ਮੀਨ ਵਿੱਚ ਡੂੰਘਾ ਜਾਣ ਤੋਂ ਬਚਾਉਂਦੀ ਹੈ।

ਅਗਰ ਪਰਾਲੀ ਨੂੰ ਕੰਬਾਈਨ ਨਾਲ ਲੱਗੀ ਪਰਾਲੀ ਖਲਾਰਨ ਵਾਲੀ ਮਸ਼ੀਨ (SMS) ਜਾਂ ਝੋਨਾ ਵੱਢਣ ਤੋਂ ਬਾਅਦ ਰੀਪਰ ਨਾਲ ਬਰਾਬਰ ਖਲਾਰਿਆ ਜਾਵੇ ਤਾਂ ਹੇਠ ਲਿਖੇ ਤਰੀਕੇ ਕੰਮ ਕਰ ਸਕਦੇ ਹਨ।

**ਪੁਰਾਣਾ ਤਰੀਕਾ :** ਪਰਾਲੀ ਨੂੰ ਡਿਸਕ ਜਾਂ ਹੋਰ ਮਸ਼ੀਨਾਂ ਨਾਲ 3-5 ਵਾਰ ਵਾਹ ਕੇ, ਜ਼ਮੀਨ ਵਿੱਚ ਮਿਲਾ ਕੇ, ਸਿੰਜਾਈ ਕਰ ਕੇ ਲੋੜੀਂਦੀ ਨਮੀ ਹੋਣ ’ਤੇ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ। ਇਸ ਤਰੀਕੇ ਵਾਸਤੇ 3-4 ਹਫ਼ਤੇ ਦੀ ਲੋੜ ਹੁੰਦੀ ਹੈ ਅਤੇ ਅਗੇਤੀ ਕਟਾਈ ਵਾਲੇ ਝੋਨੇ ਲਈ ਅਨੁਕੂਲ ਹੈ ਪਰ ਕਈ ਵਾਰ ਦੇਰੀ ਨਾਲ ਵੱਢੇ ਝੋਨੇ ਲਈ ਕਣਕ ਦੀ ਬਿਜਾਈ ਪੱਛੜੀ ਹੋਣ ਕਰ ਕੇ ਝਾੜ ਘੱਟਦਾ ਹੈ।

**ਹੈਪੀ ਸੀਡਰ ਨਾਲ ਬਿਜਾਈ :** ਇਸ ਦੇ ਹਰ ਇੱਕ ਫਾਲੇ ਅੱਗੇ ਲੱਗੇ



ਬਲੇਡ ਪਰਾਲੀ ਅਤੇ ਬੁਥਿਆਂ ਨੂੰ ਕੱਟ ਕੇ ਪਾਸੇ ਧੱਕਦੇ ਹਨ ਤੇ ਫਾਲੇ ਬਿਜਾਈ ਕਰਦੇ ਹਨ। ਬੀਜਾਂ ਦੀ ਜ਼ਮੀਨ ਨਾਲ ਸਹੀ ਸੰਪਰਕ ਬਣਾਉਣ ਲਈ ਪਿਛਲੇ ਪਹੀਏ ਉਪਰੋਂ ਦਬਾਉਂਦੇ ਹਨ। ਬੀਜਾਂ

ਬਾਕੀ ਸਫਾ 6 ’ਤੇ



# ਹੜ੍ਹਾਂ ਦੇ ਸੰਕਟ ਨਾਲ ਕਿਝ ਸਿੱਝੇਗਾ ਪੰਜਾਬ?

**ਸਿਤਮ ਦੀ ਗੱਲ ਇਹ ਹੈ ਕਿ ਹੜ੍ਹਾਂ ਦੀ ਸਭ ਤੋਂ ਵੱਧ ਮਾਰ ਹੇਠ ਆਉਣ ਵਾਲਾ ਖੇਤਰ ਰਾਵੀ ਦਰਿਆ ਵਾਲਾ ਇਲਾਕਾ ਹੈ ਪਰ ਸਭ ਤੋਂ ਪਹਿਲਾ ਹਮਲਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਤੇ ਕੀਤਾ ਗਿਆ ਹੈ। ਬਿਨਾਂ ਸ਼ੱਕ ਡੈਮਾਂ ਦੇ ਕੰਮਕਾਜ ਦਾ ਸਮਾਜਿਕ ਲੇਖਾ-ਜੋਖਾ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਰਕਾਰ ਵਲੋਂ ਨਿਯੁਕਤ ਕੀਤੀਆਂ ਗਈਆਂ ਕਮੇਟੀਆਂ 'ਤੇ ਭਰੋਸੇ ਦੀ ਘਾਟ ਹੈ।**



ਜਗਤਾਰ ਸਿੰਘ
ਮੋ. 97797-11201

ਪੰਜਾਬ ਦੀ ਹੋਣੀ ਵੀ ਅਜੀਬ ਹੈ। ਸੂਬੇ ਦਾ ਨਾਂ ਇਸ ਵਿੱਚ ਵਹਿੰਦੇ ਪੰਜ ਦਰਿਆਵਾਂ ਤੋਂ ਰੱਖਿਆ ਗਿਆ ਸੀ ਜਿਨ੍ਹਾਂ ਦੀ ਗਿਣਤੀ ਹੁਣ ਤਿੰਨ ਰਹਿ ਗਈ ਹੈ। ਇਸ ਦੀ ਭੂ-ਰਣਨੀਤਕ ਪ੍ਰਸਥਿਤੀ ਕਰ ਕੇ ਇਹ ਭਾਰਤੀ ਉਪ ਮਹਾਦੀਪ ਦਾ ਦੁਆਰ ਰਿਹਾ ਹੈ। ਇਤਿਹਾਸ ਵਿੱਚ ਇਸ ਨੂੰ ਸਿੱਖਾਂ ਦੀ ਧਰਤੀ ਅਤੇ ਗੁਰੂਆਂ ਦੀ ਧਰਤੀ ਕਿਹਾ ਗਿਆ ਹੈ। ਇਸ ਦਾ ਸਭਿਆਚਾਰ ਹੀ ਨਹੀਂ ਸਗੋਂ ਇਸ ਦੀ ਰਾਜਨੀਤੀ ਵੀ ਖਿੱਤੇ ਦੇ ਹੋਰਨਾਂ ਸੂਬਿਆਂ ਨਾਲੋਂ ਵੱਖਰੀ ਰਹੀ ਹੈ। ਇਸ ਖਿੱਤੇ ਲਈ ਆਮ ਪੈਮਾਨੇ ਲਾਗੂ ਨਹੀਂ ਕੀਤੇ ਜਾਂਦੇ। ਇਸ ਦੇ ਧਾਰਮਿਕ ਸਭਿਆਚਾਰਕ ਪਸਾਰ ਦਾ ਸਭ ਤੋਂ ਅਹਿਮ ਪਹਿਲੂ ਇਸ ਦੇ ਜੁਝਾਰੂਪਨ ਦਾ ਰਿਹਾ ਹੈ ਜਿਸ ਨੂੰ ਆਮ ਤੌਰ 'ਤੇ 'ਚੜ੍ਹਦੀ ਕਲਾ' ਕਿਹਾ ਜਾਂਦਾ ਹੈ।

ਇਹ ਜ਼ਮੀਨ ਉਸ ਸਮੇਂ ਯੂਰੇਸ਼ੀਆ ਅਤੇ ਮੱਧ ਏਸ਼ੀਆ ਦੇ ਹਮਲਾਵਰਾਂ ਲਈ ਸੱਦੇ ਦਾ ਪਹਿਲਾ ਪੜਾਅ ਹੁੰਦੀ ਸੀ ਅਤੇ ਇਸ ਤਰ੍ਹਾਂ ਹੋਂਦ ਦੀ ਲੜਾਈ ਇਸ ਖੇਤਰ ਦੇ ਲੋਕਾਂ ਲਈ ਇਤਿਹਾਸਕ ਰਹੀ ਹੈ। ਭਾਰਤੀ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲੇ ਹਰੇਕ ਹਮਲਾਵਰ ਨੂੰ ਪਹਿਲੀ ਤੇ ਸੰਭਾਵੀ ਤੌਰ 'ਤੇ ਆਖਰੀ ਲਲਕਾਰ ਇੱਥੋਂ ਹੀ ਮਿਲਦੀ ਸੀ। ਜੁਝਾਰੂ ਪੰਜਾਬੀ ਭਾਵਨਾ ਹੋਂਦ ਦੇ ਇਸ ਸੰਘਰਸ਼ ਵਿੱਚ ਹੀ ਸਮਾਈ ਹੋਈ ਹੈ।



ਹੋਂਦ ਦਾ ਇਹ ਸੰਘਰਸ਼ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਨੌਂ ਉਤਰਾਧਿਕਾਰੀਆਂ ਵਲੋਂ ਵਿਚਾਰਧਾਰਕ ਸਿਧਾਂਤ ਦੀ ਸ਼ੁਰੂਆਤ ਦੇ ਨਾਲ ਇੱਕ ਨਵੇਂ ਪੱਧਰ 'ਤੇ ਪਹੁੰਚ ਗਿਆ। ਸੰਗਤ ਦਾ ਸੰਕਲਪ ਇਸੇ ਸਿਧਾਂਤ ਦਾ ਹਿੱਸਾ ਹੈ। ਸੰਗਤ ਸਮੂਹਿਕ ਹੈ, ਇਹ ਕੋਈ ਭੀੜ ਨਹੀਂ ਸਗੋਂ ਇੱਕੋ ਸੋਚ ਦੇ ਧਾਰਨੀ ਲੋਕਾਂ ਦੀ ਸਾਂਝੀ ਚੇਤਨਾ ਹੈ।

ਪੰਜਾਬ ਵਿੱਚ ਆਏ ਹੜ੍ਹਾਂ ਨੇ ਇੱਕ ਵਾਰ ਫਿਰ ਪੰਜਾਬੀਆਂ ਦੇ ਉਸੇ ਜੁਝਾਰੂਪਨ ਅਤੇ ਸਮੂਹਿਕ ਭਾਵਨਾ ਨੂੰ ਸਾਹਮਣੇ ਲਿਆਂਦਾ ਹੈ ਜੋ ਆਮ ਤੌਰ 'ਤੇ ਨਾ ਕੇਵਲ ਭਾਰਤ ਵਿੱਚ ਸਗੋਂ ਦੁਨੀਆ ਭਰ ਵਿੱਚ ਕਿਤੇ ਹੋਰ ਨਹੀਂ ਦਿਖਦੀ। ਸਰਕਾਰ ਤੋਂ ਕਾਫ਼ੀ ਚਿਰ ਪਹਿਲਾਂ ਹੀ ਸੈਂਕੜੇ ਨੌਜਵਾਨ ਮੁੰਡੇ ਕੁੜੀਆਂ ਰਾਹਤ ਸਮੱਗਰੀ ਨਾਲ ਭਰੀਆਂ ਟਰੈਕਟਰ-ਟਰਾਲੀਆਂ ਲੈ ਕੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਗਏ। ਇਸ ਸਮੂਹਿਕ ਸਵੈਇੱਛਕ ਸੇਵਾ ਦੀ ਕੜੀ ਦੇ ਰੂਪ ਵਿੱਚ ਸੈਂਕੜੇ ਟਰੈਕਟਰ ਇਸ ਸਮੇਂ ਖਿੱਤੇ ਨੂੰ ਮੁੜ ਖੇਤੀ ਯੋਗ ਬਣਾਉਣ ਲਈ ਜ਼ਮੀਨ ਪੱਧਰੀ ਕਰਨ ਲੱਗੇ ਹੋਏ ਹਨ। ਖਾਸ ਤੌਰ 'ਤੇ ਰਾਵੀ ਦਰਿਆ ਦੇ ਹੜ੍ਹ ਪੀੜਤ ਖੇਤਰ ਦੇ ਕਈ ਪਿੰਡਾਂ ਵਿੱਚ ਕਈ-ਕਈ ਫੁੱਟ ਉੱਚੀਆਂ ਰੇਤ ਮਿੱਟੀ ਦੀਆਂ ਪਰਤਾਂ ਚੜ੍ਹ ਗਈਆਂ। ਸਰਕਾਰ ਨੂੰ ਰਾਹਤ ਜਾਰੀ ਕਰਨ ਸਮੇਂ ਨੁਕਸਾਨ ਦੀ ਕਿਸਮ ਬਾਰੇ ਵੀ ਗੌਰ ਕਰਨਾ ਚਾਹੀਦਾ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਹਵਾਲੇ ਨਾਲ ਛਪੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਲਈ ਹੜ੍ਹ ਰਾਹਤ ਦਾ ਪੈਮਾਨਾ ਬਦਲਿਆ ਨਹੀਂ ਜਾ ਸਕਦਾ। ਅਸਲ ਸਮੱਸਿਆ ਇਹੀ ਹੈ। ਇਸ ਵਾਰ ਦੇ ਹੜ੍ਹਾਂ ਦੇ ਨੁਕਸਾਨ ਦੀ ਕਿਸਮ ਆਮ ਹੜ੍ਹਾਂ ਨਾਲੋਂ ਵੱਖਰੀ ਹੈ। ਪਹਿਲਾ ਮੁੱਖ ਮੁੱਦਾ ਇਹ ਹੈ ਕਿ ਫ਼ੌਰੀ ਦੇ ਲੰਮੇ ਦਾਅ ਤੋਂ ਕੀ ਕੀਤਾ ਜਾਣਾ ਚਾਹੀਦਾ ਹੈ?

ਇੱਕ ਪੱਧਰ 'ਤੇ ਇਸ ਦਾ ਜਵਾਬ ਫ਼ਸਲੀ ਵੰਨ-ਸਵੰਨਤਾ ਅਤੇ ਕੁਦਰਤੀ ਖੇਤੀ ਵਿੱਚ ਪਿਆ ਹੈ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਸਰਕਾਰੀ ਅੰਕੜਿਆਂ ਮੁਤਾਬਕ 4 ਲੱਖ 80 ਹਜ਼ਾਰ ਏਕੜ ਰਕਬੇ ਵਿੱਚ ਫ਼ਸਲਾਂ ਬਰਬਾਦ ਹੋ ਗਈਆਂ ਅਤੇ 17 ਹਜ਼ਾਰ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਕੇਂਦਰ ਸਰਕਾਰ ਨੂੰ ਸਮਝਣ ਦੀ ਲੋੜ ਹੈ ਕਿ ਹੋਰਨਾਂ ਖੇਤਰਾਂ ਵਿੱਚ ਹੜ੍ਹਾਂ ਦੇ ਮੁਕਾਬਲੇ ਐਤਕੀਂ ਪੰਜਾਬ ਵਿੱਚ ਹੋਇਆ ਨੁਕਸਾਨ ਬਹੁਤ ਜ਼ਿਆਦਾ ਹੈ। ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ ਹੀ ਪੂਰੀ ਤਰ੍ਹਾਂ ਬਰਬਾਦ ਨਹੀਂ ਹੋਈਆਂ ਸਗੋਂ ਖੇਤਾਂ ਵਿੱਚ ਗਾਰ ਅਤੇ ਰੇਤ ਭਰ ਗਈ ਹੈ। ਆਫ਼ਤ ਰਾਹਤ ਫੰਡ ਦੇ ਨੇਮਾਂ ਵਿੱਚ ਇਸ ਤਰ੍ਹਾਂ ਦੇ ਨੁਕਸਾਨ ਦੀ ਭਰਪਾਈ ਦੀ ਵਿਵਸਥਾ ਹੀ ਨਹੀਂ ਹੈ। ਜ਼ਮੀਨ ਨੂੰ ਮੁੜ ਕਾਸ਼ਤਯੋਗ ਬਣਾਉਣਾ ਪੈਣਾ ਹੈ। ਇਹ ਕੰਮ ਇਕੱਲੇ ਕਿਸਾਨਾਂ ਦੇ ਪੱਧਰ 'ਤੇ ਨਹੀਂ ਕੀਤਾ ਜਾ ਸਕਦਾ।

ਕੇਂਦਰ ਸਰਕਾਰ ਨੂੰ ਇਸ ਗੱਲ ਲਈ ਕਾਇਲ ਕਰਨਾ ਪਵੇਗਾ ਕਿ ਇੱਕ ਪਹਿਲੂ ਫ਼ਸਲਾਂ ਦੇ ਖਰਾਬੇ ਦਾ ਹੈ ਅਤੇ ਦੂਜਾ ਪਹਿਲੂ ਜ਼ਮੀਨ ਦੇ ਨੁਕਸਾਨ ਦਾ ਹੈ। ਕੇਂਦਰੀ ਰਾਹਤ ਵਿੱਚ ਮੁੱਖ ਤੌਰ 'ਤੇ ਫ਼ਸਲੀ ਫ਼ਰਾਬਾ ਹੀ ਆਉਂਦਾ ਹੈ। ਸਿਤਮ ਦੀ ਗੱਲ ਇਹ ਹੈ ਕਿ ਹੜ੍ਹਾਂ ਦੀ ਸਭ ਤੋਂ ਵੱਧ ਮਾਰ ਹੇਠ ਆਉਣ ਵਾਲਾ ਖੇਤਰ ਰਾਵੀ ਦਰਿਆ ਵਾਲਾ ਇਲਾਕਾ ਹੈ ਪਰ ਸਭ ਤੋਂ ਪਹਿਲਾ ਹਮਲਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਤੇ ਕੀਤਾ ਗਿਆ ਹੈ। ਬਿਨਾਂ ਸ਼ੱਕ ਡੈਮਾਂ ਦੇ ਕੰਮਕਾਜ ਦਾ ਸਮਾਜਿਕ ਲੇਖਾ-ਜੋਖਾ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਰਕਾਰ ਵਲੋਂ ਨਿਯੁਕਤ ਕੀਤੀਆਂ ਗਈਆਂ ਕਮੇਟੀਆਂ 'ਤੇ ਭਰੋਸੇ ਦੀ ਘਾਟ ਹੈ।

ਪੰਜਾਬ ਨਾਲ ਜੁੜਿਆ ਹੋਇਆ ਇੱਕ ਹੋਰ ਪਹਿਲੂ ਵੀ ਹੈ। ਪੰਜਾਬ ਦਰਿਆਵਾਂ ਦੀ ਧਰਤੀ ਹੈ ਪਰ ਸਥਿਤੀ ਦੀ ਸਿਤਮਜ਼ਰੀਫੀ ਹੈ ਕਿ ਇਨ੍ਹਾਂ ਦਰਿਆਵਾਂ ਦਾ 65 ਫ਼ੀਸਦੀ ਤੋਂ ਵੱਧ ਪਾਣੀ ਰਾਜਸਥਾਨ ਅਤੇ ਹਰਿਆਣਾ ਜਿਹੇ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਇਹ ਨਾਅਰੇਬਾਜ਼ੀ ਕਰਦੀਆਂ ਰਹਿੰਦੀਆਂ ਹਨ ਕਿ ਇੱਕ ਬੂੰਦ ਵੀ ਪਾਣੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਇਹ ਵੀ ਸਿਤਮ ਦੀ ਗੱਲ ਹੈ ਕਿ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਕਰ ਕੇ ਪੰਜਾਬ ਆਪਣੇ ਹਿੱਸੇ ਦਾ ਪੂਰਾ ਪਾਣੀ ਨਹੀਂ ਵਰਤ ਪਾ ਰਿਹਾ।

ਬਹਰਹਾਲ, ਇੱਥੇ ਮੁੱਦਾ ਹੜ੍ਹਾਂ ਦੀ ਸਥਿਤੀ ਦਾ ਹੈ। ਜਦੋਂ ਹਰਿਆਣਾ ਅਤੇ ਰਾਜਸਥਾਨ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਦੇ ਹਨ ਤਾਂ ਹੜ੍ਹਾਂ ਦਾ ਨੁਕਸਾਨ ਇਕੱਲਾ ਪੰਜਾਬ ਕਿਉਂ ਝੱਲੇ? ਰਿਪੇਰੀਅਨ ਸਿਧਾਂਤ ਇਸੇ ਤੱਥ 'ਤੇ ਅਧਾਰਿਤ ਹੈ ਕਿ ਦਰਿਆ ਦੇ ਪਾਣੀ ਉਪਰ ਪਹਿਲਾ ਹੱਕ ਉਸ ਖੇਤਰ ਦਾ ਹੁੰਦਾ ਹੈ ਜੋ ਇਸ ਦੇ ਹੜ੍ਹਾਂ ਦਾ ਨੁਕਸਾਨ ਝੱਲਦਾ ਹੈ। ਇਹ ਰਾਜ ਰਾਵੀ ਦੇ ਪਾਣੀ ਵਿੱਚ ਹਿੱਸਾ ਮੰਗਦੇ ਹਨ ਤਾਂ ਫਿਰ ਉਨ੍ਹਾਂ ਨੂੰ ਉਸੇ ਅਨੁਪਾਤ ਵਿੱਚ ਦਰਿਆ ਦੇ ਹੜ੍ਹ ਦਾ ਨੁਕਸਾਨ ਵੀ ਵੰਡਾਉਣਾ ਪਵੇਗਾ। ਇਸੇ ਤਰ੍ਹਾਂ ਦੋ ਦੂਜੇ ਦਰਿਆਵਾਂ ਦਾ ਮਾਮਲਾ ਹੈ। ਪੰਜਾਬ ਨੂੰ ਹੜ੍ਹਾਂ ਵਿੱਚ ਹੋਏ ਨੁਕਸਾਨ ਦਾ ਬਿੱਲ ਇਨ੍ਹਾਂ ਸੂਬਿਆਂ ਨੂੰ ਭੇਜ ਕੇ ਉਸੇ ਅਨੁਪਾਤ ਵਿੱਚ ਮੁਆਵਜ਼ਾ ਮੰਗਣਾ ਚਾਹੀਦਾ ਹੈ। ਪਿਛਲੇ ਬਹੁਤ ਸਾਲਾਂ ਤੋਂ ਹੁੰਦੀ ਆ ਰਹੀ ਸੰਘਣੀ ਖੇਤੀ ਕਾਰਨ ਪੰਜਾਬ ਦੀਆਂ ਜ਼ਮੀਨਾਂ ਬਹੁਤ ਜ਼ਿਆਦਾ ਜ਼ਹਿਰੀਲੀਆਂ ਹੋ ਗਈਆਂ ਹਨ, ਜਿਨ੍ਹਾਂ ਵਿੱਚ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਜਾਂਦੀ ਹੈ। ਕਈ ਸਾਲਾਂ ਤੋਂ ਖੇਤੀ ਮਾਹਿਰ ਕਣਕ ਝੋਨੇ ਦੇ ਫ਼ਸਲੀ ਚੱਕਰ ਨੂੰ ਤੋੜਨ ਅਤੇ ਫ਼ਸਲੀ ਵੰਨ-ਸਵੰਨਤਾ ਵਿੱਚ ਤਬਦੀਲੀ ਦੇ ਪ੍ਰਸਤਾਵ ਦੇ ਰਹੇ ਹਨ।

ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜ਼ਮੀਨ ਦਾ ਜ਼ਹਿਰੀਲਾਪਣ ਦੂਰ ਹੋ ਸਕਦਾ ਹੈ ਅਤੇ ਇਸ ਦੀ ਪਰਖ ਕੀਤੀ ਜਾ ਸਕਦੀ ਹੈ। ਜੇ ਵਾਕਈ ਅਜਿਹਾ ਹੋਇਆ ਹੈ ਤਾਂ ਕੀ ਇਹ ਸੰਭਵ ਹੈ ਕਿ ਅਗਲੇ ਸੀਜ਼ਨ ਤੋਂ ਹੀ ਜੈਵਿਕ ਖੇਤੀ ਵੱਲ ਮੋੜਾ ਕੱਟਿਆ ਜਾਵੇ। ਆਮ ਹਾਲਾਤਾਂ ਵਿੱਚ ਜ਼ਮੀਨ ਨੂੰ ਅਸਲ ਸਥਿਤੀ ਵਿੱਚ ਆਉਣ ਲਈ ਲੰਮਾ ਸਮਾਂ ਲੱਗਦਾ ਹੈ। ਵੱਡੇ ਨੁਕਸਾਨ ਨੂੰ ਢੁੱਕਵੀਂ ਯੋਜਨਾਬੰਦੀ ਨਾਲ ਹੁਣ ਅਵਸਰ ਵਿੱਚ ਬਦਲਿਆ ਜਾ ਸਕਦਾ ਹੈ। ਉਂਝ, ਇਹ ਜ਼ਿਆਦਾਤਰ ਨਾ ਕੇਵਲ ਰਾਜ ਸਰਕਾਰ ਸਗੋਂ ਕੇਂਦਰ ਸਰਕਾਰ ਦੀ ਮਾਰਕੀਟਿੰਗ ਮਦਦ 'ਤੇ ਨਿਰਭਰ ਕਰੇਗਾ। ਕੇਂਦਰ ਨੂੰ ਜੈਵਿਕ ਫ਼ਸਲਾਂ ਲਈ ਵੱਖਰੀਆਂ ਕੀਮਤਾਂ ਤੈਅ ਕਰਨੀਆਂ ਚਾਹੀਦੀਆਂ ਹਨ। ਪੰਜਾਬ ਨੂੰ ਜੈਵਿਕ ਖੁਰਾਕ ਦੀ ਆਲਮੀ ਹੱਬ ਦੇ ਤੌਰ 'ਤੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਦੀ ਸ਼ੁਰੂਆਤ ਹੜ੍ਹ ਪ੍ਰਭਾਵਿਤ ਖੇਤਰਾਂ ਤੋਂ ਕੀਤੀ ਜਾਣੀ ਚਾਹੀਦੀ ਹੈ।

ਸਥਿਤੀ ਦੀ ਮੰਗ ਹੈ ਕਿ ਨਾ ਕੇਵਲ ਹਾਂ-ਪੱਖੀ ਸਗੋਂ ਰਚਨਾਤਮਕ ਸੋਚ ਅਪਣਾਈ ਜਾਵੇ। ਸਾਰਾ ਬਿਰਤਾਂਤ ਪਾਣੀ ਨੂੰ ਹਥਿਆਰ ਬਣਾ ਕੇ ਵਰਤਣ ਦੇ ਪਹਿਲੂ ਉੱਪਰ ਕੇਂਦਰਿਤ ਕੀਤਾ ਗਿਆ ਹੈ। ਇਸ ਦੀਆਂ ਜੜ੍ਹਾਂ 1988 ਦੇ ਹੜ੍ਹਾਂ ਵਿੱਚ ਪਈਆਂ ਹਨ ਜੋ ਕਿ ਉਦੋਂ 22 ਸਤੰਬਰ ਨੂੰ ਤਿੰਨ ਦਿਨ ਭਾਰੀ ਮੀਂਹ ਪੈਣ ਤੋਂ ਬਾਅਦ ਭਾਖੜਾ ਡੈਮ ਦੇ ਗੇਟ ਖੋਲ੍ਹੇ ਜਾਣ ਕਰ ਕੇ ਆਏ ਸਨ। ਇਹ ਧਾਰਨਾ ਸੀ ਕਿ ਡੈਮ ਨੂੰ ਹਥਿਆਰ ਬਣਾ ਕੇ ਵਰਤਿਆ ਜਾਂਦਾ ਸੀ ਤਾਂ ਕਿ ਵਾਧੂ ਪਾਣੀ ਨਾ ਕੇਵਲ ਬਿਆਸ ਦੇ ਮੰਡ ਖੇਤਰ ਸਗੋਂ ਆਸ-ਪਾਸ ਦੇ ਉਨ੍ਹਾਂ ਇਲਾਕਿਆਂ ਵਿੱਚ ਵੀ ਛੱਡਿਆ ਜਾ ਸਕੇ ਜਿੱਥੇ ਮਈ 1988 ਦੇ ਦਰਬਾਰ ਸਾਹਿਬ 'ਤੇ ਅਪਰੇਸ਼ਨ ਬਲੈਕਥੰਡਰ ਤੋਂ ਬਚਾਅ ਖਾੜਕੂ ਪਨਾਹ ਲੈਂਦੇ ਰਹੇ ਸਨ। ਉਹੀ ਧਾਰਨਾ ਅਜੇ ਵੀ ਕਾਇਮ ਹੈ।

ਮਾਹਿਰਾਂ ਨੇ ਪੰਜਾਬ ਵਿੱਚ ਡੈਮਾਂ ਦੇ ਕੰਮਕਾਜ ਦੀ ਨਿਰਖ-ਪਰਖ ਕਰ ਕੇ ਇਹ ਸਿੱਟਾ ਕੱਢਿਆ ਹੈ ਕਿ ਡੈਮਾਂ ਦੇ ਅਪਰੇਸ਼ਨਾਂ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਗੱਲ ਵਾਜਬ ਹੈ।

------ ਬਾਕੀ ਸਫਾ 5 ਦੀ ------

# ਪਰਾਲੀ ਦੀ ਸੰਭਾਲ ਕਿਵੇਂ ਕਰੀਏ

ਦੀਆਂ ਕਤਾਰਾਂ ਵਿਚਕਾਰ ਪਰਾਲੀ (ਮੱਲਚ) ਨਦੀਨਾਂ ਦੇ ਉੱਗਣ ਅਤੇ ਜ਼ਮੀਨ ਨੂੰ ਸੁੱਕਣ ਤੋਂ ਬਚਾਉਂਦੀ ਹੈ ਪਰ ਕਦੇ-ਕਦਾਈ ਘੱਟ ਫ਼ਸਲ ਉੱਗਣ, ਚੂਹਿਆਂ ਦੇ ਹਮਲੇ, ਨਦੀਨਾਂ ਆਦਿ ਕਾਰਨ ਝਾੜ ਘੱਟ ਸਕਦਾ ਹੈ।

**ਸੁਪਰ ਸੀਡਰ ਨਾਲ ਬਿਜਾਈ:** ਇਹ ਪਰਾਲੀ ਕੱਟਣ ਅਤੇ ਮਿੱਟੀ ਵਿੱਚ ਰਲਾਉਣ ਦੇ ਨਾਲ-ਨਾਲ ਖਾਦ ਅਤੇ ਬੀਜ ਨੂੰ ਡਰਿਲ ਕਰਦਾ ਹੈ। ਫ਼ਸਲ ਦੀ ਬਿਜਾਈ ਵਧੀਆ ਹੁੰਦੀ ਹੈ। ਪਰਾਲੀ ਦੇ ਜ਼ਮੀਨ ਵਿੱਚ ਰਲਨ ਕਰ ਕੇ ਕੀੜਿਆਂ, ਬਿਮਾਰੀਆਂ, ਚੂਹਿਆਂ, ਨਦੀਨਾਂ ਆਦਿ ਰਾਹੀਂ ਨੁਕਸਾਨ ਘਟਦੇ ਹਨ।



**ਪੀ ਏ ਯੂ ਸਮਾਰਟ ਸੀਡਰ ਨਾਲ ਬਿਜਾਈ:** ਇਹ ਮਸ਼ੀਨ ਹੈਪੀ ਅਤੇ ਸੁਪਰ ਸੀਡਰ ਦਾ ਸੁਮੇਲ ਹੈ। ਇਹ ਸਿਰਫ਼ ਬੀਜ ਦੀ ਕਤਾਰ (5.75 ਸੈਂਟੀਮੀਟਰ) ਵਾਲੀ ਜ਼ਮੀਨ ਵਿੱਚ ਪਰਾਲੀ ਜਲਾਉਂਦਾ ਹੈ। ਬਿਜਾਈ ਦੋ ਡਿਸਕਾਂ ਦੇ ਵਿਚਕਾਰ ਹੁੰਦੀ ਹੈ। ਬੀਜ ਦੀਆਂ ਕਤਾਰਾਂ ਵਿਚਕਾਰ ਪਰਾਲੀ ਨਦੀਨਾਂ ਦੇ ਉੱਗਣ ਅਤੇ ਜ਼ਮੀਨ ਸੁੱਕਣ ਨੂੰ ਘਟਾਉਂਦੀ ਹੈ।



**ਬੀਜ ਤੇ ਖਾਦ ਖਲਾਰ ਕੇ ਪਰਾਲੀ ਮਲਚਿੰਗ ਕਰਨੀ:** ਝੋਨਾ ਵੱਢਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਬੀਜ ਅਤੇ ਖਾਦ ਨੂੰ ਸੁੱਕੀ ਜਾਂ ਨਮੀ ਵਾਲੀ ਜ਼ਮੀਨ ਉਪਰ ਖਲਾਰਿਆ ਜਾਂਦਾ ਹੈ। ਵੱਢੀ ਹੋਈ ਪਰਾਲੀ ਦੇ ਢੇਰ ਖਲਾਰ ਕੇ ਬੂਥਿਆਂ ਅਤੇ ਪਰਾਲੀ ਨੂੰ ਛੋਟਾ ਕਰ ਕੇ ਖਲਾਰਿਆ ਜਾਂਦਾ ਹੈ। ਲੋੜ ਮੁਤਾਬਕ ਸਿੰਜਾਈ ਕੀਤੀ ਜਾਂਦੀ ਹੈ।

ਖਿਲਰੀ ਪਰਾਲੀ ਜ਼ਮੀਨ ਵਿੱਚ ਨਮੀ ਰੱਖਦੀ ਹੈ, ਨਦੀਨ ਘਟਾਉਂਦੀ ਹੈ ਅਤੇ ਚੰਗੀ ਫ਼ਸਲ ਦੀ ਸਥਾਪਨਾ ਤੇ ਜੜ੍ਹਾਂ ਦਾ ਵਾਧਾ ਉਤਸ਼ਾਹਿਤ ਕਰਦੀ ਹੈ। ਇਹ ਘੱਟ ਮਹਿੰਗਾ ਛੇਤੀ ਬਿਜਾਈ ਦਾ ਤਰੀਕਾ ਹੈ ਅਤੇ ਅਕਸਰ ਚੰਗੀ ਫ਼ਸਲ ਹੁੰਦੀ ਹੈ ਪਰ ਡੂੰਘੀਆਂ ਜੜ੍ਹਾਂ ਦਾ ਘੱਟ ਵਾਧਾ ਅਤੇ ਕਈ ਵਾਰ ਚੂਹੇ, ਕੀੜੇ ਤੇ ਉੱਲੀ ਦੇ ਨੁਕਸਾਨ ਕਾਰਨ ਅਨਾਜ ਦੀ ਪੈਦਾਵਾਰ ਨੂੰ ਘਟਦੇ ਦੇਖਿਆ ਗਿਆ ਹੈ।

**3) ਪਰਾਲੀ ਵੇਚਣੀ:** ਪਰਾਲੀ ਖੇਤਾਂ ਤੋਂ ਬਾਹਰ ਕੱਢਣ ਨਾਲ ਪੌਸ਼ਟਿਕ ਤੱਤ ਅਤੇ ਜੈਵਿਕ ਪਦਾਰਥ ਵੀ ਖੇਤਾਂ ਤੋਂ ਨਿਕਲ ਜਾਂਦੇ ਹਨ। ਨਾਲ ਹੀ ਪਰਾਲੀ ਖੇਤ ਵਿੱਚੋਂ ਕੱਢਣ ਅਤੇ ਵਰਤਣ ਲਈ ਤਕਰੀਬਨ 3000 ਰੁਪਏ ਪ੍ਰਤੀ ਏਕੜ ਖਰਚਾ ਹੈ। ਪਰਾਲੀ ਤੋਂ ਭਾਵੇਂ ਗੱਤਾ ਤੇ ਕਾਗਜ਼ ਆਦਿ ਬਣਾਉਣਾ ਕਿਸਾਨ ਲਈ ਆਮਦਨ ਤੇ ਵਾਤਾਵਰਨ ਲਈ ਠੀਕ ਹੈ ਪਰ ਪੌਸ਼ਟਿਕ ਤੱਤ ਅਤੇ ਜੈਵਿਕ ਪਦਾਰਥ ਜ਼ਮੀਨ ਵਿੱਚ ਵਾਪਸ ਨਹੀਂ ਆਉਂਦੇ।

ਬਿਜਲੀ ਪੈਦਾ ਕਰਨ ਅਤੇ ਇੱਟਾਂ ਪਕਾਉਣ ਲਈ ਪਰਾਲੀ ਨੂੰ ਸਾੜਨ ਨਾਲ ਪ੍ਰਦੂਸ਼ਣ ਹੁੰਦਾ ਹੈ ਪਰ ਇਹ ਕੋਲੇ ਦਾ ਬਦਲ ਹੈ। ਸੜਨ ਤੋਂ ਬਾਅਦ ਪਰਾਲੀ ਦੀ ਸੁਆਹ ਨੂੰ ਖੇਤ ਵਿੱਚ ਵਾਪਸ ਕਰਨ ਨਾਲ ਕੁਝ ਪੌਸ਼ਟਿਕ ਤੱਤ ਵਾਪਸ ਆ ਸਕਦੇ ਹਨ। ਕਈ ਵਾਰ ਕਿਸਾਨ ਪਰਾਲੀ ਵੇਚਣ ਤੋਂ ਅਸਮਰੱਥ ਰਹੇ ਹਨ ਅਤੇ ਖੇਤ ਤੋਂ ਬਾਹਰ ਕੱਢ ਕੇ ਨੇੜੇ ਰੱਖੀ ਪਰਾਲੀ ਕਰ ਕੇ ਚੂਹਿਆਂ ਅਤੇ ਹੋਰ ਕੀੜਿਆਂ ਵਲੋਂ ਫ਼ਸਲ ਨੁਕਸਾਨੀ ਜਾਂਦੀ ਹੈ। ਇਸ ਕਰ ਕੇ ਪਰਾਲੀ ਵੇਚਣੀ ਉਦੋਂ ਹੀ ਲਾਭਦਾਇਕ ਹੈ, ਜਦੋਂ ਪਰਾਲੀ ਨੂੰ ਹਟਾਉਣ ਦੇ ਖਰਚੇ ਅਤੇ ਪੌਸ਼ਟਿਕ ਤੱਤਾਂ ਤੇ ਜੈਵਿਕ ਪਦਾਰਥ ਦੇ ਨੁਕਸਾਨ ਨਾਲੋਂ ਜ਼ਿਆਦਾ ਹੋਵੇ।

**ਸਾਰ ਅੰਸ਼ ਅਤੇ ਆਰਥਿਕ ਸਹਾਇਤਾ ਲਈ ਸੁਝਾਅ:** ਖੇਤਾਂ ਵਿੱਚ ਪਰਾਲੀ ਸਾੜਨ ਤੋਂ ਗੁਰੇਜ਼ ਕਰੋ ਅਤੇ ਬਾਕੀ ਤਰੀਕਿਆਂ ਦੇ ਫ਼ਾਇਦੇ ਤੇ ਨੁਕਸਾਨ ਅਨੁਸਾਰ ਵਿਧੀ ਅਪਣਾਓ। ਪਹਿਲਾ ਤਰੀਕਾ ਜਦੋਂ ਸੰਭਵ ਹੋਵੇ, ਪਸ਼ੂਆਂ ਨੂੰ ਚਾਰੇ ਵਜੋਂ ਜਾਂ ਪਸ਼ੂਆਂ ਦੀ ਰਹਿੰਦ-ਖੂੰਹਦ ਨਾਲ ਭਰਪੂਰ ਰੂੜੀ ਤਿਆਰ ਕਰਨ ਲਈ ਪਰਾਲੀ ਵਰਤੋ। ਦੂਸਰਾ, ਉਪਲਬਧਤਾ ਅਨੁਸਾਰ, ਖੇਤ ਵਿੱਚ ਵਰਤੇ ਜਾਣ ਵਾਲੇ ਤਰੀਕੇ ਵਰਤੋਂ। ਤੀਸਰਾ, ਪਰਾਲੀ ਵੇਚ ਲਓ, ਪਰ ਖਰਚਾ ਅਤੇ ਇਸ ਤਰੀਕੇ ਨਾਲ ਪੌਸ਼ਟਿਕ ਤੱਤਾਂ ਤੇ ਜੈਵਿਕ ਪਦਾਰਥ ਦੇ ਨੁਕਸਾਨ ਨੂੰ ਵੀ ਧਿਆਨ ਵਿੱਚ ਰੱਖੋ।

ਇਨ੍ਹਾਂ ਚੁਣੌਤੀਆਂ ਦੇ ਹੱਲ ਲਈ ਸਰਕਾਰ ਆਰਥਿਕ ਮਦਦ ਕਰੇ ਤਾਂ ਕਿ ਪਹਿਲਾਂ ਹੀ ਕਰਜ਼ੇ ਹੇਠ ਦੱਬੇ ਕਿਸਾਨਾਂ 'ਤੇ ਹੋਰ ਬੋਝ ਨਾ ਪਵੇ। ਛੋਟੇ ਕਿਸਾਨਾਂ ਲਈ ਸਹਿਕਾਰੀ, ਖੇਤੀ ਉਦਯੋਗ ਜਾਂ ਹੋਰ ਕਿਸੇ ਸਰਕਾਰੀ ਮਸ਼ੀਨਾਂ ਘੱਟ ਕਿਰਾਏਵਿੱਚ ਉਪਲਬਧ ਹੋਣ ਜਾਂ ਵਿੱਤੀ ਸਹਾਇਤਾ ਮਿਲੇ। ਵੱਡੇ ਕਿਸਾਨਾਂ ਨੂੰ ਸੰਦ, ਟਰੈਕਟਰ ਆਦਿ ਖਰੀਦਣ ਲਈ ਵਿਤੀ ਸਹਾਇਤਾ ਮਿਲੇ। ਪਰਾਲੀ ਨਾਲ ਗੱਤਾ ਜਾਂ ਕਾਗਜ਼ ਬਣਾਉਣ ਅਤੇ ਕੋਲੇ ਦੀ ਥਾਂ ਵਰਤਣ ਵਾਲੇ ਉਦਯੋਗਾਂ ਦੀ ਵਿਤੀ ਸਹਾਇਤਾ ਹੋਵੇ।

ਗੁਰਬਾਣੀ ਵਿੱਚ ਧਰਤੀ ਨੂੰ ਮਾਂ ਦਾ ਦਰਜ਼ਾ ਦਿੱਤਾ ਗਿਆ ਹੈ। ਇਸ ਦਾ ਕਾਰਨ ਹੈ ਕਿ ਇਨਸਾਨ ਜਦੋਂ ਪੈਦਾ ਹੁੰਦਾ ਹੈ ਉਸ ਨੂੰ ਮਾਂ ਦੀ ਗੋਦ ਵਿੱਚੋਂ ਸਾਰੀਆਂ ਦੁਨਿਆਵੀ ਅਤੇ ਸਰੀਰਕ (ਖਾਣ-ਪੀਣ) ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ ਪਰ ਜਦੋਂ ਉਹ ਧਰਤੀ 'ਤੇ ਪੈਰ ਰੱਖਦਾ ਹੈ ਤਾਂ ਉਸ ਦੀਆਂ ਇਹ ਸਾਰੀਆਂ ਜ਼ਰੂਰਤਾਂ ਧਰਤੀ ਉਪਰੋਂ ਜਾਂ ਵਿੱਚੋਂ ਪੈਦਾ ਹੁੰਦੀਆਂ ਹਨ। ਇਸ ਵੇਲੇ ਧਰਤੀ ਦਾ ਆਕਾਰ 51 ਕਰੋੜ ਵਰਗ ਕਿਲੋਮੀਟਰ ਹੈ ਜਿਸ ਦਾ ਦੋ-ਤਿਹਾਈ ਹਿੱਸਾ ਪਾਣੀ ਵਿੱਚ ਢੱਕਿਆ ਹੋਇਆ ਹੈ ਅਤੇ ਇੱਕ-ਤਿਹਾਈ ਹਿੱਸੇ ਵਿੱਚ ਪਹਾੜ, ਜੰਗਲ, ਸ਼ਹਿਰ-ਪਿੰਡ ਵਸਦੇ ਹਨ ਅਤੇ ਖੇਤੀ ਹੁੰਦੀ ਹੈ ਜਿਸ ਤੋਂ ਰੋਟੀ ਅਤੇ ਕੱਪੜਾ ਮਿਲਦਾ ਹੈ। ਇਸ ਵੇਲੇ ਧਰਤੀ 'ਤੇ ਕੁੱਲ ਅਬਾਦੀ 820 ਕਰੋੜ ਦੀ ਹੈ। ਇਹ ਅਬਾਦੀ ਸਾਧਨਾਂ ਅਨੁਸਾਰ ਕਿਤੇ ਸੰਘਣੀ ਅਤੇ ਕਿਤੇ ਵਿਰਲੀ ਹੈ। ਏਸ ਕਰਕੇ ਇਸ ਦੀ ਕੀਮਤ ਵੀ ਵੱਧ-ਘੱਟ ਹੈ। ਜਿੱਥੇ ਅਬਾਦੀ ਸੰਘਣੀ ਹੈ ਉਥੇ ਜ਼ਿਆਦਾ ਹੈ ਅਤੇ ਜਿੱਥੇ ਵਿਰਲੀ ਹੈ ਉੱਥੇ ਘੱਟ ਹੈ। ਅਬਾਦੀ ਤੋਂ ਇਲਾਵਾ ਧਰਤੀ ਦੀ ਕੀਮਤ ਖਰੀਦਣ ਵਾਲੇ ਦੀ ਲੋੜ ਅਤੇ ਵੇਚਦ ਵਾਲੇ ਦੀ ਇੱਛਾ 'ਤੇ ਵੀ ਨਿਰਭਰ ਕਰਦੀ ਹੈ। ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਮੁਗਲਾਂ ਕੋਲੋਂ ਜ਼ਮੀਨ ਸੋਨੇ ਦੀਆਂ ਮੋਹਰਾਂ ਨਾਲ ਢੱਕ ਕੇ ਖਰੀਦੀ ਸੀ।

# ਪੰਜਾਬ ਦੀ ਧਰਤੀ- ਜ਼ਮੀਨ ਅਤੇ ਕਾਰਪੋਰੇਟ



## ਧਰਤੀ ਅਤੇ ਜ਼ਮੀਨ ਵਿਚ ਫ਼ਰਕ

ਸੋਰ ਮੰਡਲ ਵਿੱਚ ਪ੍ਰਿਥਵੀ ਇੱਕ ਗ੍ਰਹਿ ਹੈ ਜੋ ਸੂਰਜ ਦੁਵਾਲੇ ਘੁੰਮਦੀ ਹੈ। ਪਰ ਨਿੱਤ ਵਰਤੋਂ ਵਿੱਚ ਸ਼ਬਦ 'ਧਰਤੀ' ਪ੍ਰਿੱਥਵੀ ਦੇ ਉਸ ਹਿੱਸੇ ਲਈ ਵਰਤਿਆ ਜਾਂਦਾ ਹੈ ਜੋ ਪਾਣੀ ਹੇਠ ਨਹੀਂ ਹੈ ਭਾਵ ਸਮੁੰਦਰ ਤੋਂ ਪਾਸੇ ਹੈ। ਮੁੱਖ ਤੌਰ 'ਤੇ ਘਰ, ਸੜਕਾਂ, ਪਹਾੜ ਆਦਿ ਸਭ ਧਰਤੀ ਉੱਪਰ ਹੀ ਹਨ। ਧਰਤੀ ਵਿੱਚੋਂ ਹੀ ਕਈ ਪ੍ਰਕਾਰ ਦੇ ਖਣਿਜ ਅਤੇ ਧਾਤਾਂ ਕੱਢੀਆਂ ਜਾਂਦੀਆਂ ਹਨ।

ਦੂਜੇ ਪਾਸੇ ਜ਼ਮੀਨ ਧਰਤੀ ਦਾ ਉਹ ਉੱਪਰਲਾ ਹਿੱਸਾ ਹੈ ਜੋ ਉਪਜਾਊ ਹੈ ਅਤੇ ਬਨਸਪਤੀ ਉਗਾਉਣ ਦੇ ਅਨੁਕੂਲ ਹੈ ਭਾਵ ਧਰਤੀ ਦੀ ਉਹ ਉੱਪਰਲੀ ਪਰਤ ਜਿਸ ਵਿੱਚ ਤੁਸੀਂ ਅਨਾਜ, ਫਲ, ਫੁੱਲ, ਸਬਜ਼ੀਆਂ ਆਦਿ ਉਗਾ ਸਕੋ, ਉਸ ਨੂੰ ਜ਼ਮੀਨ ਕਿਹਾ ਜਾਂਦਾ ਹੈ ਜਾਂ ਕਹਿ ਲਿਆ ਜਾਵੇ ਜ਼ਮੀਨ ਦੀ ਗਲਤ ਵਰਤੋਂ ਕਾਰਨ ਜਾਂ ਸੇਮ ਕਾਰਨ ਬੰਜਰ ਹੋ ਸਕਦੀ ਹੈ, ਪਰ ਧਰਤੀ ਤਾਂ ਰਹੇਗੀ। ਧਰਤੀ ਤੋਂ ਉਪਜਾਊ ਜ਼ਮੀਨ ਬਣਦਿਆਂ ਹਜ਼ਾਰਾਂ ਸਾਲ ਲੱਗ ਜਾਂਦੇ ਹਨ। ਜਦੋਂ ਮਨੁੱਖ ਨੇ ਇੱਕ ਜਗ੍ਹਾ ਰਹਿਣਾ ਸ਼ੁਰੂ ਕੀਤਾ ਤਾਂ ਵਸੋਂ ਉੱਥੋਂ ਸ਼ੁਰੂ ਹੋਈ ਜਿੱਥੇ ਜ਼ਮੀਨ ਉੱਪਜਾਊ ਸੀ ਅਤੇ ਪੀਣ ਲਈ ਪਾਣੀ ਉੱਪਲਬਧ ਸੀ। ਇਹ ਵੀ ਕਥਨ ਹੈ 'ਜਿਹੋ ਜਿਹੀ ਜ਼ਮੀਨ, ਉਹੋ ਜਿਹੇ ਮਨੁੱਖ' ਮਤਲਬ ਜੇ ਜ਼ਮੀਨ ਸਿਹਤਮੰਦ ਹੈ ਤਾਂ ਉੱਥੇ ਅਬਾਦੀ ਵੀ ਸਿਹਤਮੰਦ ਹੋਵੇਗੀ।

ਜ਼ਮੀਨ ਦੇ ਪ੍ਰਬੰਧ ਲਈ ਕਈ ਤਰ੍ਹਾਂ ਦੇ ਸਿਸਟਮ ਚਲਾਏ ਗਏ। ਜ਼ਮੀਂਦਾਰੀ, ਜਾਗੀਰਦਾਰੀ, ਮਹਾਲਵਾਰੀ ਆਦਿ ਅਤੇ ਕਈ ਤਰ੍ਹਾਂ ਦੇ ਕਰਮਚਾਰੀ/ਅਹੁਦੇਦਾਰ ਵੀ ਨਿਯੁਕਤ ਕੀਤੇ ਗਏ ਜਿਵੇਂ ਕਿ ਕਰੋੜੀ, ਆਮੀਲ ਅਤੇ ਪਟਵਾਰੀ ਆਦਿ। ਕਿਸਾਨ ਕੋਲ ਜ਼ਮੀਨ ਵਾਹੁਣ ਦਾ ਹੱਕ ਓਨਾ ਚਿਰ ਹੀ ਸੀ ਜਿੰਨਾ ਚਿਰ ਉਹ ਮਾਲੀਆ ਦਿੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ (1709-15) ਆਪਣੇ ਰਾਜਕਾਲ ਵਿੱਚ ਪੰਜਾਬ ਵਿੱਚ ਜ਼ਿਮੀਂਦਾਰੀ ਸਿਸਟਮ ਖ਼ਤਮ ਕਰ ਦਿੱਤਾ। ਇਸ ਲਈ ਜ਼ਮੀਨੀ ਭਾਵ ਜ਼ਮੀਨ ਦੀ ਮਾਲਕੀ ਸਰਕਾਰ ਤੋਂ ਕਿਸਾਨ ਨੂੰ ਮਿਲ ਗਈ ਜੋ ਸਿਸਟਮ ਅੱਜ ਵੀ ਚੱਲ ਰਿਹਾ ਹੈ।

## ਦੇਸ਼ ਦੀ ਵੰਡ

ਸੰਨ 1947 ਵਿੱਚ ਦੇਸ਼ ਦੀ ਵੰਡ ਸਮੇਂ ਸਾਂਝੇ ਪੰਜਾਬ ਦਾ ਉਹ ਹਿੱਸਾ ਜਿਹੜਾ ਜ਼ਿਆਦਾ ਵਿਕਸਤ ਸੀ, ਜ਼ਮੀਨ ਜ਼ਿਆਦਾ ਉਪਜਾਊ ਅਤੇ ਪਾਣੀ ਦੇ ਸਾਧਨ ਜ਼ਿਆਦਾ ਸਨ ਉਹ ਪਾਕਿਸਤਾਨ ਵਿੱਚ ਚਲਾ ਗਿਆ। ਏਧਰਲੇ ਪੰਜਾਬ ਵਿੱਚ ਜ਼ਮੀਨ ਜ਼ਿਆਦਾਤਰ ਰੇਤਲੀ, ਟਿੱਬੇ, ਉੱਚੀ-ਨੀਵੀਂ ਅਤੇ ਕੱਲਰ ਵਾਲੀ ਸੀ। ਖ਼ਾਸ ਕਰਕੇ ਮਾਲਵੇ ਦਾ ਬਹੁਤਾ ਹਿੱਸਾ ਰੇਤਲਾ ਅਤੇ ਖ਼ੁਸ਼ਕੀ ਦਾ ਮਾਰਿਆ ਸੀ। ਅੱਜ ਜੋ ਪੱਧਰ ਜ਼ਮੀਨ ਉੱਪਰ ਇਕਸਾਰ ਕਣਕ-ਝੋਨਾ ਦਿੱਸਦਾ ਹੈ ਇਹ ਕਿਸਾਨਾਂ ਦੀ ਦਹਾਕਿਆਂ ਦੀ ਮਿਹਨਤ ਦਾ ਨਤੀਜਾ ਹੈ ਜਿਸ ਵਿੱਚ ਸਮੇਂ ਦੀ ਸਰਕਾਰ ਦਾ ਵੀ ਬਹੁਤ ਵੱਡਾ ਯੋਗਦਾਨ ਹੈ ਜਿਸ ਨੇ ਮੁਰੱਬਾਬੰਦੀ ਕਰਵਾਈ ਤਾਂ ਕਿ ਕਿਸਾਨਾਂ ਦੀ ਵੱਖ-ਵੱਖ ਟੁੱਕੜਿਆਂ ਵਿੱਚ ਪਈ ਜ਼ਮੀਨ ਇਕੱਠੀ ਹੋ ਸਕੇ। ਇਸ ਨਾਲ ਪਿੰਡਾਂ ਅਤੇ ਖੇਤਾਂ ਨੂੰ ਜਾਂਦੇ ਰਸਤੇ ਵੀ ਸਿੱਧੇ ਹੋਏ। ਤਕਨੀਕੀ ਵਿਕਾਸ ਲਈ ਯੂਨੀਵਰਸਿਟੀਆਂ, ਇੰਜਨੀਅਰਿੰਗ ਕਾਲਜ, ਆਈ. ਟੀ. ਆਈ. ਵਰਗੇ ਅਦਾਰੇ ਖੋਲ੍ਹੇ। ਪਾਣੀ ਦੇ ਇੰਤਜ਼ਾਮ ਲਈ ਸੱਤ-ਰੋਜ਼ੀ ਵਾਰੀ ਚਲਾਈ। ਕਿਸਾਨਾਂ ਦੀ ਸਹੂਲਤ ਲਈ ਪੀ. ਏ. ਡੀ. ਬੀ. (ਪੰਜਾਬ ਐਗਰੀਕਲਚਰ ਡੀਵੈਲਪਮੈਂਟ ਬੈਂਕ) ਅਤੇ ਕੋਆਪਰੇਟਿਵ ਬੈਂਕ ਅਤੇ ਕੋਆਪਰੇਟਿਵ ਸੋਸਾਇਟੀਆਂ ਖੋਲ੍ਹੀਆਂ। ਪਿੰਡਾਂ ਨੂੰ ਲਿੰਕ ਸੜਕਾਂ ਬਣਾਈਆਂ। ਮੰਡੀਕਰਨ ਸੁਧਾਰਿਆ, ਫ਼ੋਕਲ ਪੋਆਇੰਟ ਬਣਾਏ ਜਿਸ ਦੇ ਸਿੱਟੇ ਵਜੋਂ ਹਰੀ ਕ੍ਰਾਂਤੀ ਆਈ। ਦੇਸ਼ ਦੀ ਭੁੱਖ ਮਿਟੀ। ਸੂਬਾ ਖੇਤੀ, ਇੰਡਸਟਰੀ ਅਤੇ ਪ੍ਰਤੀ ਜੀਅ ਆਮਦਨ ਵਿੱਚ ਨੰਬਰ ਇੱਕ ਬਣਿਆ। ਸਭ ਤੋਂ ਵੱਡੀ ਗੱਲ ਇਹ ਸਾਰੀ ਤਰੱਕੀ ਬਿਨਾਂ ਕੋਈ ਕਰਜ਼ਾ ਲਏ ਹੋਈ ਜਿੰਨਾ ਚਿਰ ਸਰਕਾਰ ਨੇ ਕੋਈ ਕਰਜ਼ਾ ਨਹੀਂ ਲਿਆ; ਸੂਬਾ ਇੱਕ ਨੰਬਰ ਰਿਹਾ। ਕਰਜ਼ਾ ਲੈਣ ਦੀ ਐਸੀ ਆਦਤ ਪਈ ਕਿ 1990 ਦੇ ਦਹਾਕੇ ਤੋਂ ਬਾਅਦ ਸਰਕਾਰ ਨੇ ਛਿੱਕ ਵੀ ਮਾਰਨੀ ਹੈ ਤਾਂ ਕਰਜ਼ਾ ਲੈ ਕੇ।





ਡਾ. ਐਸ. ਪੀ. ਐਸ. ਬਰਾੜ
ਨਿਰਦੇਸ਼ਕ ਪਾਮੇਤੀ (ਸੇਵਾਮੁਕਤ)
ਪੀ.ਏ.ਯੂ., ਲੁਧਿਆਣਾ
ਮੋਬਾਇਲ : 99151-94104

## ਜ਼ਮੀਨ ਦੀ ਬਣਤਰ

ਪੰਜਾਬ ਦੀ ਜ਼ਮੀਨ ਦਰਿਆਵਾਂ ਦੀ ਰੋਹੜ ਨਾਲ ਲਿਆਂਦੀ ਮਿੱਟੀ ਤੋਂ ਬਣੀ ਹੈ ਅਤੇ ਇਸ ਨੂੰ ''ਅਲੂਵੀਅਲ ਸਾਇਲ'' ਕਿਹਾ ਜਾਂਦਾ ਹੈ। ਏਸੇ ਕਰਕੇ ਇਸ ਵਿਚ ਚੀਕਣੀ ਮਿੱਟੀ (ਕਲੇਅ) ਪਣਾ (ਸਿਲਟ) ਅਤੇ ਰੇਤੇ ਦੀ ਮਾਤਰਾ ਵਿਚ ਜਗ੍ਹਾ-ਜਗ੍ਹਾ 'ਤੇ ਫ਼ਰਕ ਹੈ। ਸਾਇੰਸਦਾਨਾਂ ਨੇ ਜਿੰਨੇ ਕੁਦਰਤੀ ਤੱਤਾਂ ਦੀ ਹੁਣ ਤੱਕ ਪਹਿਚਾਣ ਕੀਤੀ ਹੈ ਉਹਨਾਂ ਵਿੱਚੋਂ ਬਹੁਤੇ ਜ਼ਮੀਨ ਵਿੱਚ ਪਾਏ ਜਾਂਦੇ ਹਨ ਜੋ ਬਨਸਪਤੀ ਦੀ ਖ਼ੁਰਾਕ ਦਾ ਹਿੱਸਾ ਬਣਦੇ ਹਨ। ਬੂਟੇ ਦੇ ਵੱਧਣ-ਫੁਲਣ ਲਈ ਭਾਵੇਂ 16 ਤੱਤ ਜ਼ਰੂਰੀ ਹਨ ਪਰ ਆਮ ਬੂਟੇ ਵਿੱਚ 70 ਦੇ ਕਰੀਬ ਤੱਤ ਪਾਏ ਜਾਂਦੇ ਹਨ। ਇਹਨਾਂ 70 ਤੱਤਾਂ ਵਿੱਚੋਂ ਇਨਸਾਨਾਂ ਵਿਚ ਅੱਗੋਂ 60 ਤੱਤ ਪਾਏ ਜਾਂਦੇ ਹਨ। ਇਹਨਾਂ ਵਿੱਚੋਂ ਜ਼ਰੂਰੀ ਸਿਰਫ਼ 25 ਤੱਤ ਹੀ ਗਿਣੇ ਜਾਂਦੇ ਹਨ। ਬਹੁਤਾ ਇਨਸਾਨੀ ਢਾਂਚਾ ਸਿਰਫ਼ 6 ਤੱਤਾਂ ਦਾ ਬਣਿਆ ਹੈ ਜਿਸ ਵਿਚ ਕਾਰਬਨ, ਆਕਸੀਜਨ, ਹਾਈਡਰੋਜਨ, ਨਾਈਟਰੋਜਨ, ਕੈਲਸ਼ੀਅਮ ਅਤੇ ਫ਼ਾਸਫ਼ੋਰਸ ਹਨ। ਇਸ ਦੇ ਨਾਲ ਗੰਧਕ (ਸਲਫ਼ਰ), ਪੋਟਾਸ਼ੀਅਮ, ਸੋਡੀਅਮ, ਕਲੋਰੀਨ ਅਤੇ ਮੈਗਨੀਸ਼ੀਅਮ। ਇਹਨਾਂ ਤੋਂ ਇਲਾਵਾ ਕੁਝ ਸੂਖਤ ਤੱਤ ਜਿਹਨਾਂ ਦੀ ਮਾਤਰਾ 0.01 ਪ੍ਰਤੀਸ਼ਤ ਤੋਂ ਘੱਟ ਹੁੰਦੀ ਹੈ। ਉਹ ਹਨ ਬੋਰੋਨ, ਕੈਡਮੀਅਮ, ਕਰੋਮੀਅਮ, ਕੋਬਾਲਟ, ਕਾਪਰ, ਫਲੋਰੀਨ, ਆਇਓਡੀਨ, ਆਇਰਨ, ਮੈਗਨੀਜ਼, ਮੋਲੀਬਡਿਨਮ, ਸਿਲੀਕੋਨ, ਟਿਨ, ਵਨੇਡੀਅਮ ਅਤੇ ਜ਼ਿੰਕ। ਏਸੇ ਕਰਕੇ ਸ਼ਾਕਾਹਾਰੀ ਲੋਕ ਬਨਸਪਤੀ ਵਿੱਚੋਂ ਵੀ ਸੰਤੁਲਤ ਖ਼ੁਰਾਕ ਲੈ ਲੈਂਦੇ ਹਨ। ਜਿਹੜੇ ਪੰਜਾਬੀ ਫ਼ੌਜੀਆਂ ਨੇ ਦੂਜੇ ਵਿਸ਼ਵ ਯੁੱਧ ਵਿੱਚ ਹਿੱਸਾ ਲਿਆ ਅਤੇ ਜੰਗਲਾਂ ਵਿਚ ਘਿਰ ਗਏ ਉਹਨਾਂ ਨੇ ਕਈ-ਕਈ ਦਿਨ ਕੱਚੀ ਬਨਸਪਤੀ 'ਤੇ ਹੀ ਗੁਜ਼ਾਰਾ ਕੀਤਾ।

## ਅੱਜ ਜ਼ਮੀਨ ਦੀ ਸਿਹਤ

ਅੱਜਕਲ੍ਹ ਹਰ ਪੰਜਾਬੀ ਜਾਂ ਭਾਰਤੀ ਜੋ ਜ਼ਮੀਨ ਦੀ ਗੱਲ ਕਰਦਾ ਹੈ, ਉਹ ਇੱਕੋ ਗੱਲ ਕਰਦਾ ਹੈ ਕਿਸਾਨਾਂ ਨੇ ਰਸਾਇਣਿਕ ਖਾਦਾਂ ਅਤੇ ਜ਼ਹਿਰਾਂ (ਪੈਸਟੀਸਾਈਡ) ਪਾ ਕੇ ਜ਼ਮੀਨ ਦੀ ਸਿਹਤ ਖ਼ਰਾਬ ਕਰ ਦਿੱਤੀ/ਕਮਜ਼ੋਰ ਕਰ ਦਿੱਤੀ। ਇੱਥੋਂ ਤੱਕ ਕਹਿਣ ਵਿੱਚ ਵੀ ਗੁਰੇਜ਼ ਨਹੀਂ ਕਰਦੇ ਕਿ ਜ਼ਮੀਨਾਂ ਬੰਜਰ ਬਣਾ ਦਿੱਤੀਆਂ। ਇਹਨਾਂ ਲੋਕਾਂ ਕੋਲ ਪੇਸ਼ ਕਰਨ ਲਈ ਕੋਈ ਜਾਂਚ ਰਿਪੋਰਟ ਨਹੀਂ, ਬੱਸ, ਜੋ ਬੀਕਾਨੇਰ ਵਾਲੀ ਗੱਡੀ ਦੀ ਉਦਾਹਰਣ ਹੀ ਹੈ। ਮੈਂ ਇਹ ਦਾਵੇ ਨਾਲ ਕਹਿ ਸਕਦਾ ਹਾਂ ਕਿ ਬੀਕਾਨੇਰ ਨੂੰ ਜਾਂਦੀ ਕੈਂਸਰ ਦੇ ਇਲਾਜ ਲਈ ਗੱਡੀ ਜਾਂ ਇੱਥੋਂ ਦੇ ਹਸਪਤਾਲਾਂ ਵਿੱਚ ਵੱਧਦੇ ਮਰੀਜ਼ਾਂ ਲਈ ਜ਼ਿੰਮੇਵਾਰ ਕਿਸਾਨ ਨਹੀਂ ਬਲਕਿ ਇੱਥੋਂ ਦੀ ਇੰਡਸਟਰੀ, ਕਾਰਪੋਰੇਸ਼ਨਾਂ, ਨਗਰ ਪਾਲਿਕਾਵਾਂ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਹੈ। ਪੰਜਾਬ ਦੀ ਜ਼ਮੀਨ ਦੀਆਂ ਰਸਾਇਣਕ ਅਤੇ ਭੌਤਿਕ ਵਿਸ਼ੇਸ਼ਤਾਈਆਂ ਵਿਚ ਹਰੀ ਕ੍ਰਾਂਤੀ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਸੁਧਾਰ ਹੋਇਆ ਹੈ। ਜਿਹੜੀ ਜ਼ਮੀਨ ਔਸਤ ਹੈਕਟੇਅਰ ਦੇ 12 ਟਨ ਦਾਣੇ ਹਰ ਸਾਲ ਪੈਦਾ ਕਰਦੀ ਹੈ ਉਹ ਮਾੜੀ ਕਿਵੇਂ ਹੋ ਸਕਦੀ ਹੈ। ਰਹੀ ਗੱਲ ਰਸਾਇਣਿਕ ਖਾਦਾਂ ਦੀ, ਪੰਜਾਬ ਵਿਚ ਬਹੁਤੇ ਦੋ ਤੱਤ ਨਾਈਟਰੋਜਨ ਫ਼ਾਸਫ਼ੋਰਸ ਵਰਤੇ ਜਾਂਦੇ ਹਨ ਇਹਨਾਂ ਤੋਂ ਕਿਤੇ ਘੱਟ ਪੋਟਾਸ਼, ਜ਼ਿੰਕ, ਮੈਗਨੀਜ਼ ਆਇਰਨ ਜਾਂ ਕਾਪਰ ਆਦਿ। ਇਹ ਸਾਰੇ ਹੀ ਤੱਤ ਸਾਡੀ ਖ਼ੁਰਾਕ ਦਾ ਜ਼ਰੂਰੀ ਅੰਗ ਹਨ ਅਤੇ ਕਿਸੇ ਜ਼ਮੀਨ ਜਾਂ ਪਾਣੀ ਵਿੱਚ ਇਹ ਸਬੂਤ ਨਹੀਂ ਆਇਆ ਕਿ ਰਸਾਇਣਿਕ ਖਾਦਾਂ ਦੀ ਵਰਤੋਂ ਨਾਲ ਜ਼ਮੀਨ ਜਾਂ ਪਾਣੀ ਖ਼ਰਾਬ ਹੋ ਗਿਆ। ਜਿੱਥੋਂ ਤੱਕ ਪੈਸਟੀਸਾਈਡ ਦੀ ਵਰਤੋਂ ਦੀ ਗੱਲ ਹੈ, ਪੰਜਾਬ ਵਿਚ ਪੈਸਟੀਸਾਈਡ ਸਿਰਫ਼ 665 ਗ੍ਰਾਮ ਪ੍ਰਤੀ ਹੈਕਟੇਅਰ ਸਲਾਨਾ ਵਰਤੇ ਜਾਂਦੇ ਹਨ। ਜਦ ਕਿ ਚੀਨ ਵਿੱਚ 13 ਕਿਲੋ ਅਤੇ ਯੂ. ਕੇ., ਇੰਗਲੈਂਡ ਵਿਚ 6 ਕਿਲੋ ਪ੍ਰਤੀ ਹੈਕਟੇਅਰ ਹੈ। ਦੁਨੀਆ ਭਰ ਦੀ ਔਸਤ 2.37 ਕਿਲੋ ਪ੍ਰਤੀ ਹੈਕਟੇਅਰ ਹੈ। ਇਸ ਤੋਂ ਉੱਪਰ ਅੱਜ ਤੱਕ ਪੰਜਾਬ ਵਿੱਚ ਖੇਤੀਬਾੜੀ ਯੂਨੀਵਰਸਿਟੀ ਵਲੋਂ ਕਿਸੇ ਵੀ ਇਹੋ ਜਿਹੇ ਰਸਾਇਣ ਦੀ ਵਰਤੋਂ ਦੀ ਸਿਫ਼ਾਰਿਸ਼ ਨਹੀਂ ਹੋਈ ਜਿਹੜਾ ਬਾਇਓਡੀਗਰੇਡੇਬਲ ਨਾ ਹੋਵੇ। ਮਤਲਬ ਜਿਹੜਾ ਰਸਾਇਣ ਬੂਟੇ ਜਾਂ ਜ਼ਮੀਨ ਵਿੱਚ ਪਾਇਆ ਜਾਵੇਗਾ, ਉਸ ਦਾ ਮਾਲੀਕਿਊਲ ਸਮੇਂ ਨਾਲ ਐਲੀਮੈਂਟਲ ਫਾਰਮ (ਭਾਵ ਤੱਤ) ਵਿੱਚ ਬਦਲ ਜਾਵੇਗਾ ਜਾਂ ਕਹਿ ਲਓ ਉਸ ਦਾ ਜ਼ਹਿਰੀਲਾਪਣ ਖ਼ਤਮ ਹੋ ਜਾਵੇਗਾ। ਕੀ ਐਂਟੀਬਾਉਟਿਕ ਜਾਂ ਫੂਡ ਪਰੇਜ਼ਰਵੇਟਿਵ ਜ਼ਹਿਰ ਨਹੀਂ ਹਨ। ਏਸੇ ਵੇਲੇ ਭਾਰਤ ਦੀ ਪੈਸਟੀਸਾਈਡ ਇੰਡਸਟਰੀ 24,500 ਕਰੋੜ ਦੀ ਹੈ ਅਤੇ ਰਸਾਇਣਕ ਖਾਦਾਂ ਦੀ 92,000 ਕਰੋੜ ਦੀ। ਦੂਜੇ ਪਾਸੇ ਮਨੁੱਖੀ ਦਵਾਈਆਂ ਦਾ ਕੁੱਲ ਕਾਰੋਬਾਰ 5,16,000 ਕਰੋੜ ਦਾ ਹੈ ਜਿਸ ਵਿੱਚੋਂ ਤਕਰੀਬਨ ਅੱਧੇ ਮੁੱਲ ਦੀਆਂ ਦਵਾਈਆਂ ਬਾਹਰ ਭੇਜੀਆਂ ਜਾਂਦੀਆਂ ਹਨ।

## ਜ਼ਮੀਨ ਦੀ ਸੁਚੱਜੀ ਵਰਤੋਂ

ਪੰਜਾਬ ਦੀ ਅਬਾਦੀ 1971 ਵਿੱਚ ਇੱਕ ਕਰੋੜ ਪੈਂਤੀ ਲੱਖ ਸੀ ਜੋ 2023 ਵਿੱਚ ਵੱਧ ਕੇ ਤਿੰਨ ਕਰੋੜ ਬਾਰਾਂ ਲੱਖ ਹੋ ਗਈ। ਖੇਤੀਬਾੜੀ ਵਾਲੀ ਜ਼ਮੀਨ ਜੋ ਉਸ ਵਕਤ ਪ੍ਰਤੀ ਜੀਅ 0.311 ਹੈਕਟੇਅਰ (ਤਕਰੀਬਨ 6 ਕਨਾਲ) ਸੀ ਉਹ ਘੱਟ ਕੇ 0.134 ਹੈਕਟੇਅਰ (2 ਕਨਾਲ 13 ਮਰਲੇ) ਰਹਿ ਗਈ। ਖੇਤੀਬਾੜੀ ਵਾਲੀ ਜ਼ਮੀਨ 43 ਫ਼ੀਸਦੀ ਤੱਕ ਹੀ ਰਹਿ ਗਈ ਜਿਸ ਵਿੱਚੋਂ ਹਰ ਪੰਜਾਬੀ ਨੇ ਆਪਣੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ, ਜਿਸ ਤੋਂ ਮੇਰਾ ਮਤਲਬ ਹੈ ਕਿ ਅੱਗੋਂ ਤੋਂ ਜ਼ਰਖੇਜ਼ ਜ਼ਮੀਨ ਦੀ ਵਰਤੋਂ ਘਰਾਂ, ਸੜਕਾਂ ਅਤੇ ਹੋਰ ਡਿਵੈਲਪਮੈਂਟ ਲਈ ਪਾਸੇ ਨੂੰ ਖਿਲਾਰਨ ਦੀ ਬਜਾਏ ਉੱਪਰ ਨੂੰ ਵੱਧਣਾ ਚਾਹੀਦਾ ਹੈ। ਅੱਜ ਕਲ੍ਹ ਤਾਂ ਖੇਤੀ ਵਿਚ ਵੀ ਵਰਟੀਕਲ ਕਲਟੀਵੇਸ਼ਨ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਪਰ ਪੰਜਾਬੀਆਂ ਦਾ ਖਰਚੀਲਾ ਸੁਭਾਅ ਅਤੇ ਵਿਤੋਂ ਬਾਹਰਾ ਵਿਖਾਵਾ ਕਰਨਾ ਹਰ ਵਪਾਰੀ ਕਾਰਪੋਰੇਟ ਘਰਾਨੇ ਅਤੇ ਮਜ਼ਦੂਰ ਨੂੰ ਆਵਦੇ ਵੱਲ ਖਿਚਦਾ ਹੈ। ਹਰ ਇੱਕ ਨੂੰ ਪੈਰ ਧਰਨ ਲਈ ਜ਼ਮੀਨ ਚਾਹੀਦੀ ਹੈ। ਜੇ ਬਚਦੀ ਹੈ ਬਚਾ ਲਓ। ਜ਼ਮੀਨ ਤੋਂ ਬਿਨਾ ਕਿਸਾਨ/ਜ਼ਿਮੀਂਦਾਰ/ਸਰਦਾਰ ਜੀ ਕੁੱਝ ਵੀ ਨਾਮ ਨਾਲ ਨਹੀਂ ਲੱਗਣਾ।

ਖ਼ਿਆਲ ਰਹੇ ਹੋਰ ਹਰ ਚੀਜ਼ ਵਧਾ ਸਕਦੇ ਹੋ, ਜ਼ਮੀਨ ਨਹੀਂ।




## ਸੰਘਰਸ਼ ਤੋਂ ਸਫਲਤਾ ਤੱਕ ਦਾ ਸਫ਼ਰ - ਸ. ਜਗਸੀਰ ਸਿੰਘ ਸ਼ਹਿਦ-ਮੱਖੀ ਪਾਲਕ

ਮੋਗਾ ਜ਼ਿਲ੍ਹੇ ਵਿੱਚ ਇੱਕ ਛੋਟਾ ਜਿਹਾ ਪਿੰਡ ਹੈ, ਮੱਲਕੇ ਜਿੱਥੇ ਸਰਦਾਰ ਜਗਸੀਰ ਸਿੰਘ ਅਤੇ ਉਸ ਦਾ ਪਰਿਵਾਰ ਰਹਿੰਦਾ ਹੈ। ਪਰਿਵਾਰ ਨੇ ਕਈ ਸਾਲਾਂ ਤੱਕ ਆਪਣੀ ਚਾਰ ਏਕੜ ਜੱਦੀ ਜ਼ਮੀਨ ਤੇ ਝੋਨੇ ਅਤੇ ਕਣਕ ਦੀ ਰਵਾਇਤੀ ਖੇਤੀ ਕੀਤੀ ਅਤੇ ਬਾਅਦ ਵਿੱਚ ਡੇਅਰੀ ਦਾ ਸਹਾਇਕ ਕਿੱਤਾ ਅਪਣਾਇਆ। ਸਖ਼ਤ ਮਿਹਨਤ ਦੇ ਬਾਵਜੂਦ ਵੀ ਖੇਤੀ ਤੋਂ ਮਿਲਣ ਵਾਲਾ ਮੁਨਾਫ਼ਾ ਸੀਮਤ ਸੀ ਅਤੇ ਘਰ ਦੀਆਂ




ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨਾ ਮੁਸ਼ਕਿਲ ਸੀ।

ਚੰਗੇ ਭਵਿੱਖ ਲਈ ਜਗਸੀਰ ਸਿੰਘ ਨੇ ਸਾਲ 2010 ਵਿੱਚ ਸ਼ਹਿਦ-ਮੱਖੀ ਪਾਲਣ ਦੀ ਸਿਖਲਾਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪ੍ਰਾਪਤ ਕੀਤੀ।

ਉਸ ਨੇ ਸਿਰਫ਼ 20 ਮਧੂ-ਮੱਖੀਆਂ ਦੇ ਛੱਤਿਆਂ ਨਾਲ ਸ਼ੁਰੂਆਤ ਕੀਤੀ। ਸ਼ਹਿਦ ਮੱਖੀ ਕਟੁੰਬਾਂ ਦੇ ਵਿਗਿਆਨਕ ਢੰਗ ਨਾਲ ਪ੍ਰਬੰਧਨ ਰਾਹੀਂ ਉਸ ਨੇ ਆਪਣਾ ਸ਼ਹਿਦ ਮੱਖੀ ਫਾਰਮ ਸਥਾਪਿਤ ਕਰ ਲਿਆ।

ਸ਼ਹਿਦ ਦੀ ਪੈਦਾਵਾਰ ਵਧਾਉਣ ਲਈ ਜਗਸੀਰ ਸਿੰਘ ਨੇ ਕਟੁੰਬਾਂ ਦੀ ਹਿਜਰਤ (ਮਾਈਗ੍ਰੇਸ਼ਨ) ਸ਼ੁਰੂ ਕੀਤੀ। ਉਸ ਨੇ ਆਪਣੇ ਕਟੁੰਬਾਂ ਨੂੰ ਨਵੰਬਰ ਤੋਂ ਫਰਵਰੀ ਤੱਕ ਰਾਜਸਥਾਨ ਵਿੱਚ ਸਰ੍ਹੋਂ ਦਾ ਸ਼ਹਿਦ ਇਕੱਠਾ ਕਰਨ, ਜੂਨ ਅਤੇ ਜੁਲਾਈ ਦੌਰਾਨ ਹੁਸ਼ਿਆਰਪੁਰ ਵਿੱਚ ਮਲਟੀਫਲੋਰਾ ਸ਼ਹਿਦ ਲਈ, ਅਤੇ ਅਕਤੂਬਰ ਵਿੱਚ ਹਨੂਮਾਨਗੜ੍ਹ ਵਿੱਚ ਬੇਰ ਸ਼ਹਿਦ ਲਈ ਲਿਜਾਣਾ ਸ਼ੁਰੂ ਕੀਤਾ। ਇਸ ਤਰੀਕੇ ਨਾਲ ਉਸ ਨੂੰ ਸਾਲ ਭਰ ਵੱਖ-ਵੱਖ ਕਿਸਮਾਂ ਦਾ ਸ਼ਹਿਦ ਪ੍ਰਾਪਤ ਹੋਣ ਲੱਗਾ, ਜਿਸ ਨਾਲ ਗੁਣਵੱਤਾ ਅਤੇ ਮਾਤਰਾ ਦੋਵਾਂ ਵਿੱਚ ਸੁਧਾਰ ਹੋਇਆ।

ਸਮੇਂ ਦੇ ਨਾਲ, ਜਗਸੀਰ ਨੇ ਆਪਣੇ ਕਾਰੋਬਾਰ ਨੂੰ ਕਾਫ਼ੀ ਵਧਾਇਆ। 20 ਛੱਤਿਆਂ ਦੀ ਸਾਦੀ ਸ਼ੁਰੂਆਤ ਤੋਂ, ਉਹ ਹੁਣ 450 ਛੱਤਿਆਂ ਦੀ ਇੱਕ ਸਫ਼ਲ ਮਧੂ-ਮੱਖੀ ਪਾਲਣ ਸੰਸਥਾ ਦਾ ਪ੍ਰਬੰਧਨ ਕਰਦਾ ਹੈ। ਉਸ ਦਾ ਸਾਲਾਨਾ ਸ਼ਹਿਦ ਉਤਪਾਦਨ ਲਗਭਗ 135 ਕੁਇੰਟਲ ਤੱਕ ਪਹੁੰਚ ਗਿਆ ਹੈ, ਜਿਸ ਦੀ ਕੀਮਤ ਲਗਭਗ 13.50 ਲੱਖ ਰੁਪਏ ਹੈ। ਪਰ ਉਸ ਦੀ ਆਮਦਨ ਇੱਥੇ ਰੁਕਦੀ ਨਹੀਂ; ਉਹ ਮੋਗਾ ਜ਼ਿਲ੍ਹੇ ਦਾ ਰਜਿਸਟਰਡ ਮਧੂ-ਮੱਖੀ ਪ੍ਰਜਨਕ ਅਤੇ ਮਧੂ-ਮੱਖੀ ਛੱਤਾ ਨਿਰਮਾਤਾ ਹੈ। ਹਰ ਸਾਲ, ਉਹ ਨਵੇਂ ਅਤੇ ਮੌਜੂਦਾ ਮਧੂ-ਮੱਖੀ ਪਾਲਕਾਂ ਨੂੰ ਲਗਭਗ 160 ਮਧੂ-ਮੱਖੀ ਛੱਤੇ ਵੇਚਦਾ ਹੈ, ਜਿਸ ਨਾਲ ਉਸ ਨੂੰ ਵਾਧੂ 3 ਲੱਖ ਰੁਪਏ ਦੀ ਕਮਾਈ ਹੁੰਦੀ ਹੈ। ਮੋਮ ਦੀ ਵਿਕਰੀ ਤੋਂ ਉਸ ਨੂੰ ਹੋਰ 5,000 ਰੁਪਏ ਦੀ ਆਮਦਨ ਹੁੰਦੀ ਹੈ।

ਅੱਜ, ਜਗਸੀਰ ਸਿੰਘ ਸਿਰਫ਼ ਇੱਕ ਮਧੂ-ਮੱਖੀ ਪਾਲਕ ਨਹੀਂ ਹੈ। ਜਗਸੀਰ ਸਿੰਘ ਹੁਣ ਉਨ੍ਹਾਂ ਕਿਸਾਨਾਂ ਲਈ ਪ੍ਰੇਰਨਾ ਦਾ ਪ੍ਰਤੀਕ ਹੈ ਜੋ ਅਕਸਰ ਵਧੇਰੇ ਮੁਨਾਫ਼ੇ ਲਈ ਰਵਾਇਤੀ ਖੇਤੀ ਦੇ ਬਦਲਵੇਂ ਵਿਕਲਪ ਲੱਭ ਰਹੇ ਹਨ।

**ਸੰਦੀਪ ਕੁਮਾਰ ਅਤੇ ਕਮਲਦੀਪ ਸਿੰਘ ਮਠਾੜੂ, ਪੀ. ਏ .ਯੂ. ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ**
(ਮੋ. 94648-79132)

# ਵਿਉਂਤਬੰਦੀ ਨਾਲ ਆਫ਼ਤਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ

ਕੇਹਰ ਸਿੰਘ ਹਿੱਸੋਵਾਲ (ਐਡਵੋਕੇਟ)
ਮੋਬਾਇਲ 98141-25593

ਆਫ਼ਤਾਂ ਤੇ ਮਹਾਂਮਾਰੀਆਂ ਨਾਲ ਮਨੁੱਖ ਦਾ ਵਾਹ ਸ਼ੁਰੂ ਤੋਂ ਹੀ ਰਿਹਾ ਹੈ। ਤੂਫ਼ਾਨ ਆਉਂਦੇ ਹਨ, ਝੱਖੜ ਆਉਂਦੇ ਹਨ ਤੇ ਸੋਕੇ ਪੈਂਦੇ ਹਨ। ਇਹ ਵਰਤਾਰਾ ਸ਼ੁਰੂ ਤੋਂ ਹੀ ਰਿਹਾ ਹੈ। ਹਰ ਵਾਰੀ ਆਫ਼ਤਾਂ ਤੋਂ ਬਾਅਦ ਮਨੁੱਖ ਨੇ ਆਪਣੇ ਆਪ ਨੂੰ ਮੁੜ ਬਰਕਰਾਰ ਅਤੇ ਸਥਾਪਤ ਕੀਤਾ ਹੈ। ਅਗੱਸਤ ਮਹੀਨੇ ਵਿੱਚ ਪੰਜਾਬ ਵਿੱਚ ਬਹੁਤ ਥਾਵਾਂ 'ਤੇ ਹੜ੍ਹ ਆਏ। ਪਹਾੜਾਂ ਵਿੱਚ ਵੱਧ ਮੀਂਹ ਪੈਣ ਕਰ ਕੇ ਸਤਲੁਜ, ਰਾਵੀ, ਬਿਆਸ ਦਰਿਆਵਾਂ ਤੇ ਬਣੇ ਡੈਮਾਂ ਵਿੱਚ ਵਾਧੂ ਪਾਣੀ ਭਰ ਜਾਣ ਕਾਰਨ ਡੈਮਾਂ ਦੇ ਗੇਟ ਖੋਲ੍ਹ ਦਿੱਤੇ ਗਏ ਜਿਸ ਕਰ ਕੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਆ ਗਏ। ਲੋਕਾਂ ਦੇ ਘਰ ਢਹਿ ਗਏ। ਲੱਖਾਂ ਦੀ ਤਾਦਾਦ ਵਿੱਚ ਲੋਕ ਬੇਘਰ ਹੋ ਗਏ। ਲੱਖਾਂ ਏਕੜ ਫ਼ਸਲ ਤਬਾਹ ਹੋ ਗਈ। ਅਰਬਾਂ ਖਰਬਾਂ ਦਾ ਨੁਕਸਾਨ ਹੋ ਗਿਆ। ਭਾਵੇਂ ਕੇਂਦਰ ਸਰਕਾਰ, ਸੂਬਾ ਸਰਕਾਰ ਨੇ ਪੀੜਤਾਂ ਦੀ ਮਦਦ ਦਾ ਵਾਅਦਾ ਕੀਤਾ ਹੈ। ਸਮਾਜ ਸੇਵੀ ਸੰਸਥਾਵਾਂ ਅਤੇ ਵਿਅਕਤੀਆਂ ਨੇ ਪੀੜਤ ਲੋਕਾਂ ਦੀ ਮਦਦ ਕੀਤੀ ਹੈ ਅਤੇ ਕਰ ਰਹੇ ਹਨ ਪਰ ਲੋਕਾਂ ਨੂੰ ਦੁਬਾਰਾ ਉੱਠਣ ਲਈ ਸਾਲਾਂ ਲੱਗ ਜਾਣਗੇ। ਸਮਾਂ ਲੱਗੇਗਾ ਉਨ੍ਹਾਂ ਨੂੰ ਲੀਹ 'ਤੇ ਚੜ੍ਹਨ ਲਈ।

ਦਰਿਆਵਾਂ ਵਿੱਚ ਪਾਣੀ ਵੱਧਣ ਕਰ ਕੇ ਪੰਜਾਬ ਦੇ 12 ਜ਼ਿਲ੍ਹੇ ਪਾਣੀ ਨਾਲ ਪ੍ਰਭਾਵਤ ਹੋਏ ਹਨ। ਛੇ ਜ਼ਿਲ੍ਹੇ ਤਾਂ ਬੁਰੀ ਤਰ੍ਹਾਂ ਪ੍ਰਭਾਵਤ ਹੋਏ। ਪੰਜਾਬ ਵਿੱਚ ਹੜ੍ਹ ਆਉਣ ਨਾਲ ਪੰਜਾਬ ਦੇ ਕਰੀਬ 2300 ਪਿੰਡ ਪ੍ਰਭਾਵਤ ਹੋਏ ਹਨ। ਕਰੀਬ 20 ਲੱਖ ਲੋਕਾਂ 'ਤੇ ਇਸੇ ਦਾ ਅਸਰ ਪਿਆ ਹੈ। ਪੰਜ ਲੱਖ ਏਕੜ ਫ਼ਸਲ ਨੁਕਸਾਨੀ ਗਈ ਤੇ ਸੱਤ ਲੱਖ ਲੋਕ ਘਰੋਂ ਬੇਘਰ ਹੋਏ ਹਨ। ਕਰੀਬ 8500 ਕਿਲੋ ਮੀਟਰ ਸੜਕਾਂ ਨੁਕਸਾਨੀਆਂ ਗਈਆਂ ਅਤੇ 2500 ਪੁਲਾਂ ਦਾ ਨੁਕਸਾਨ ਹੋਇਆ ਹੈ। ਲੋਕ ਘਰੋਂ ਬੇਘਰ ਹੋ ਗਏ। ਖੱਜਲ ਖੁਆਰੀ ਵੱਧ ਗਈ। ਹੜ੍ਹਾਂ ਤੋਂ ਬਾਅਦ ਵੀ ਲੋਕਾਂ ਨੂੰ ਆਪਣੇ ਆਪ ਅਤੇ ਕੰਮਕਾਰ, ਪ੍ਰਵਾਰ ਸਥਾਪਤ ਕਰਨ ਦਾ ਸਮਾਂ ਲੱਗੇਗਾ।

ਬਿਨਾਂ ਸ਼ੱਕ ਪਹਿਲਾਂ ਦੇ ਮੁਕਾਬਲੇ ਮੀਂਹ ਜ਼ਿਆਦਾ ਪਏ ਹਨ ਪਰ ਇਹ ਸਪੱਸ਼ਟ ਹੈ ਕਿ ਸਾਡੀ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਪੁਖਤਾ ਯੋਜਨਾਬੰਦੀ ਵੀ ਨਹੀਂ ਸੀ। ਕੇਵਲ ਅਰਜੋਈਆਂ ਕਰਨਾ ਮਸਲੇ ਦਾ ਹੱਲ ਨਹੀਂ ਹੈ। ਬੜੇ ਅਫ਼ਸੋਸ ਦੀ ਗੱਲ ਹੈ ਕਿ ਹਰ ਔਖੀ ਘੜੀ ਵੇਲੇ ਅਸੀਂ ਅਰਜੋਈਆਂ ਕਰਨ 'ਤੇ ਜ਼ੋਰ ਲਗਾ ਦਿੰਦੇ ਹਾਂ। ਅਸੀਂ ਇਹ ਕਦੇ ਵੀ ਨਹੀਂ ਵਿਚਾਰਦੇ ਕਿ ਮੁਸੀਬਤ ਆਉਣ ਦੇ ਕੀ ਕਾਰਨ ਹਨ। ਮੁਸੀਬਤ ਦਾ ਨਿਵਾਰਨ ਕਿਵੇਂ ਹੋ ਸਕਦਾ ਹੈ। ਅਸੀਂ ਇਹ ਵਿਚਾਰਨ ਵਲ ਕਦੇ ਧਿਆਨ ਨਹੀਂ ਦਿੰਦੇ ਜਦਕਿ ਕਿਸੇ ਵੀ ਆਫਤ ਦੇ ਆਉਣ ਤੇ ਸਾਡਾ ਸਭ ਤੋਂ ਪਹਿਲਾ ਫ਼ਰਜ਼ ਇਹ ਬਣਦਾ ਹੈ ਕਿ ਅਸੀਂ ਆਫਤ ਆਉਣ ਦੇ ਕਾਰਨਾਂ ਦੀ ਜਾਂਚ ਕਰੀਏ।

ਮਹਾਤਮਾ ਬੁੱਧ ਨੇ ਪੱਚੀ ਸੌ ਸਾਲ ਪਹਿਲਾਂ ਕਿਹਾ ਸੀ ਕਿ ਹਰ ਰੋਗ ਦੇ ਕਾਰਨ ਹੁੰਦੇ ਹਨ ਤੇ ਹਰ ਰੋਗ ਦਾ ਨਿਵਾਰਨ ਵੀ ਉਸ ਦੇ ਕਾਰਨਾਂ ਵਿੱਚ ਹੀ ਹੁੰਦਾ ਹੈ। ਗੱਲ ਬਿਲਕੁਲ ਸਪੱਸ਼ਟ ਹੈ। ਜੇਕਰ ਅਸੀਂ ਕਿਸੇ ਮੁਸੀਬਤ ਦੇ ਕਾਰਨਾਂ ਨੂੰ ਜਾਣ ਕੇ ਉਸ ਦਾ ਉਪਾਅ ਵਿਚਾਰ ਲਈਏ ਤਾਂ ਮੁਸੀਬਤ ਦਾ ਹੱਲ ਹੋ ਜਾਵੇਗਾ। ਅਕਸਰ ਡਾਕਟਰ ਕੋਲ ਜਦੋਂ ਕੋਈ ਮਰੀਜ਼ ਜਾਂਦਾ ਹੈ ਤਾਂ ਰੋਗ ਦਾ ਕਾਰਨ ਜਾਣ ਕੇ ਹੀ ਦਵਾਈ ਦਿੱਤੀ ਜਾਂਦੀ ਤੇ ਇਲਾਜ ਕੀਤਾ ਜਾਂਦਾ ਹੈ। ਵੱਡੇ-ਵੱਡੇ ਹਸਪਤਾਲਾਂ ਵਿੱਚ ਤਾਂ ਕਿਸੇ ਵੀ ਮਰਜ਼ ਦਾ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਪੂਰੇ ਸਰੀਰ ਦੇ ਟੈਸਟ ਕੀਤੇ ਜਾਂਦੇ ਹਨ ਤਾਂਕਿ ਮਰਜ਼ ਦੇ ਅਸਲ ਕਾਰਨਾਂ ਦਾ ਪਤਾ ਚੱਲ ਜਾਵੇ। ਇਹ ਜ਼ਰੂਰੀ ਵੀ ਹੈ ਕਿਉਂਕਿ ਰੋਗ ਦੇ ਕਾਰਨਾਂ ਦਾ ਪਤਾ ਲਗਾਉਣਾ ਜ਼ਰੂਰੀ ਹੁੰਦਾ ਹੈ। ਠੀਕ ਇਹੀ ਵਿਧੀ ਜਾਂ ਫਾਰਮੂਲਾ ਸਾਡੇ ਹਰ ਸੰਕਟ, ਮੁਸੀਬਤ ਅਤੇ ਹਰ ਆਫ਼ਤ 'ਤੇ ਵੀ ਲਾਗੂ ਹੁੰਦਾ ਹੈ। ਜਦੋਂ ਤੱਕ ਅਸੀਂ ਕਿਸੇ ਆਫਤ ਜਾਂ ਸੰਕਟ ਦੇ ਕਾਰਨ ਬਾਰੇ ਨਹੀਂ ਜਾਦ ਲਵਾਂਗੇ ਤਾਂ ਅਸੀਂ ਉਸ ਦਾ ਸਹੀ ਹੱਲ ਨਹੀਂ ਕਰ ਸਕਾਂਗੇ। ਅਜਿਹਾ ਹੀ ਹੁਣ ਹੋਇਆ ਹੈ। ਪਾਣੀ ਆ ਗਿਆ। ਸਾਰੇ ਪਾਸੇ ਰੌਲਾ ਪੈ ਗਿਆ ਕਿ ਹੜ੍ਹ ਆ ਕੇ ਗਏ। ਪਰ ਹੜ੍ਹ ਆਏ ਕਿਉਂ ? ਕਿਉਂ ਨਹੀਂ ਪਹਿਲਾਂ ਪ੍ਰਬੰਧ ਕੀਤੇ ਗਏ। ਇਸ ਪਾਸੇ ਧਿਆਨ ਦੇਣ ਲਈ ਕੋਈ ਤਿਆਰ ਨਹੀਂ ਹੈ। ਹੜ੍ਹ ਨੂੰ ਜੇਕਰ ਪੂਰਨ ਤੌਰ ਤੇ ਨਹੀਂ ਵੀ ਠੱਲ੍ਹਿਆ ਜਾ ਸਕਦਾ ਤਾਂ ਇਹ ਤਾਂ ਜ਼ਰੂਰ ਹੋ ਸਕਦਾ ਸੀ ਕਿ ਹੜ੍ਹ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ।

ਇਹ ਵੀ ਸਾਹਮਣੇ ਆਇਆ ਹੈ ਕਿ 2023 ਵਿੱਚ ਆਏ ਹੜ੍ਹਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਸਰਵੇਖਣ ਕਰਵਾਇਆ ਸੀ ਕਿ ਸੂਬੇ ਦੇ ਤਿੰਨ ਪ੍ਰਮੁੱਖ ਦਰਿਆ ਅਤੇ ਉਨ੍ਹਾਂ ਦੀਆਂ ਸਹਾਇਕ ਨਦੀਆਂ 133 ਥਾਵਾਂ ਤੋਂ ਕਮਜ਼ੋਰ ਹਨ ਜਿਸ ਕਰ ਕੇ ਹੁਣ 134 ਜਗ੍ਹਾ ਤੇ ਪਾੜ ਪਏ ਹਨ। ਪੰਜਾਬ ਜਲ ਸਰੋਤ ਮਹਿਕਮੇ ਦੀ ਸਾਲ 2023 ਦੀ ਇੱਕ ਰਿਪੋਰਟ ਮੁਤਾਬਕ ਰਾਵੀ ਦਰਿਆ ਦੇ 8 ਜਗ੍ਹਾ ਤੋਂ ਪਾੜ ਪੈਣ ਦਾ ਖ਼ਦਸਾ ਸੀ। ਭਾਵੇਂ ਕਿ ਹੁਣ ਆਏ ਹੜ੍ਹਾਂ ਵਿੱਚ ਰਾਵੀ ਦਰਿਆ ਤੇ ਬਣੇ ਧੁਸੀ ਬੰਨ੍ਹ 42 ਥਾਵਾਂ ਤੋਂ ਟੁੱਟੇ ਹਨ। ਇਸ ਕਾਰਨ ਦਰਜਨਾਂ ਪਿੰਡ ਪਾਣੀ ਨਾਲ ਭਰ ਗਏ। ਹੁਣੇ ਆਏ ਹੜ੍ਹਾਂ ਕਾਰਨ ਰਾਵੀ ਦਰਿਆ ਦੇ ਲਾਗਲੇ ਪਿੰਡਾਂ ਤੇ ਉੱਥੇ ਖੜ੍ਹੀਆਂ ਫ਼ਸਲਾਂ ਦਾ ਵੱਧ ਨੁਕਸਾਨ ਹੋਇਆ ਹੈ। ਕਹਿਣ ਦਾ ਭਾਵ ਕਿ ਰਾਵੀ ਦਰਿਆ ਵਿੱਚ ਹੜ੍ਹਾਂ ਦਾ ਪ੍ਰਕੋਪ ਵੱਧ ਮਾਰੂ ਸੀ। ਸਰਕਾਰ ਦਾ ਕਹਿਣਾ ਹੈ ਕਿ ਉਹ ਹੜ੍ਹਾਂ ਦੀ ਆਮਦ ਤੇ ਹੜ੍ਹਾਂ ਦੇ ਪ੍ਰਕੋਪ ਸੰਬੰਧੀ ਸਰਵੇ ਕਰਵਾਉਣਗੇ ਪਰ ਕੀ ਸਰਕਾਰ ਲੋਕਾਂ ਦੇ ਦੁੱਖ ਵਿੱਚ ਸਰੀਕ ਹੋਣ ਦੀ ਕੋਸ਼ਿਸ਼ ਕਰੇਗੀ। ਇਕੱਲੇ ਰਾਵੀ ਦਰਿਆ ਵਿੱਚ ਪਾਣੀ 42 ਜਗ੍ਹਾ ਨੂੰ ਤੋੜ ਕੇ ਬਾਹਰ ਨਿਕਲ ਗਿਆ ਅਤੇ ਨਾਲ ਦੇ ਖੇਤਰਾਂ ਵਿੱਚ ਮਾਰ ਕੀਤੀ ਹੈ। ਇਸ ਦਾ ਮਤਲਬ ਹੈ ਕਿ 42 ਜਗ੍ਹਾ ਤੋਂ ਦਰਿਆ ਦੇ ਕਿਨਾਰੇ ਜਾਂ ਤਾਂ ਕਮਜ਼ੋਰ ਸਨ ਜਾਂ ਦਰਿਆ ਵਿੱਚ ਸਾਫ਼ ਸਫ਼ਾਈ ਨਹੀਂ ਸੀ ਜਾਂ ਦਰਿਆਵਾਂ ਵਿੱਚ ਮਿੱਟੀ ਭਰ ਜਾਣ ਕਰ ਕੇ ਦਰਿਆ ਡੂੰਘੇ ਨਹੀਂ ਸਨ। ਜੇਕਰ ਦਰਿਆਵਾਂ ਦੇ ਬੰਨ੍ਹ ਮਜ਼ਬੂਤ ਹੁੰਦੇ ਤਾਂ ਹੜ੍ਹਾਂ ਦੀ ਰੋਕਥਾਮ ਹੋ ਸਕਦੀ ਸੀ। ਦਰਿਆਵਾਂ ਦੀ ਪਾਣੀ ਨੂੰ ਝੱਲਣ ਦੀ ਸਮਰੱਥਾ ਹੀ ਨਹੀਂ ਸੀ ਜਿਸ ਕਰ ਕੇ ਹੜ੍ਹ ਆਏ ਹਨ।

ਲੁਧਿਆਣੇ ਜ਼ਿਲ੍ਹੇ ਵਿੱਚ ਪਿੰਡ ਸਮਰਾਲੀ ਅਤੇ ਨਵੇਂ ਸ਼ਹਿਰ ਦੇ ਪਿੰਡ ਬੁਰਜ ਟਹਿਲ ਸਿੰਘ ਵਾਲਾ ਵਿੱਚ ਲੋਕ ਸਤਲੁਜ ਦਰਿਆ ਦੇ ਕਮਜ਼ੋਰ ਬੰਨ੍ਹਾਂ ਕਰ ਕੇ ਆਪ ਦਰਿਆ ਦੇ ਬੰਨ੍ਹ ਖ਼ੁਦ ਮਜ਼ਬੂਤ ਕਰਦੇ ਵਿਖਾਈ ਦਿੱਤੇ। ਜੇਕਰ ਉਹ ਅਜਿਹਾ ਨਾ ਕਰਦੇ ਤਾਂ ਉਨ੍ਹਾਂ ਦੇ ਪਿੰਡ ਜਾਂ ਇਲਾਕੇ ਅਤੇ ਫ਼ਸਲਾਂ ਵੀ ਪਾਣੀ ਦੀ ਮਾਰ ਹੇਠ ਆ ਜਾਣੇ ਸੀ। ਇਹ ਕਿਹਾ ਜਾ ਰਿਹਾ ਹੈ ਕਿ ਦਰਿਆਵਾਂ ਵਿੱਚ ਪਾਣੀ ਦੀ ਆਮਦ ਵੱਧ ਹੋ ਗਈ ਹੈ। ਪਰ ਹਾਲਾਤ ਵੇਖ ਕੇ ਤਾਂ ਲੱਗ ਰਿਹਾ ਹੈ ਕਿ ਸੰਬੰਧਤ ਮਹਿਕਮੇ ਨੇ ਕੋਈ ਵਿਉਂਤਬੰਦੀ ਹੀ ਨਹੀਂ ਕੀਤੀ।

ਪੰਜਾਬ ਵਿੱਚ ਮੌਨਸੂਨ ਦਾ ਸਮਾਂ ਜੂਨ ਮਹੀਨੇ ਤੋਂ ਸ਼ੁਰੂ ਹੋ ਕੇ ਸਤੰਬਰ ਮਹੀਨੇ ਤੱਕ ਹੁੰਦਾ ਹੈ। ਇਸ ਸਮੇਂ ਦੌਰਾਨ ਮੌਨਸੂਨ ਪੌਣਾਂ ਆਉਣ ਨਾਲ ਮੀਂਹ ਪੈਂਦੇ ਹਨ। ਅਜਿਹਾ ਪਤਾ ਹੋਣ ਦੇ ਬਾਵਜੂਦ ਵੀ ਅਸੀਂ ਬਾਰਸ਼ ਅਤੇ ਇਸ ਦੇ ਪ੍ਰਭਾਵ ਬਾਰੇ ਵਿਚਾਰ ਹੀ ਨਹੀਂ ਕੀਤਾ। ਇਹ ਵੀ ਸਾਹਮਣੇ ਆਇਆ ਹੈ ਕਿ ਹਰ ਦੂਜੇ ਸਾਲ ਪੰਜਾਬ ਵਿੱਚ ਹੜ੍ਹ ਆਉਂਦੇ ਹਨ। ਇਸ ਦੇ ਬਾਵਜੂਦ ਅਸੀਂ ਅਵੇਸਲੇ ਕਿਉਂ ਰਹੇ ? ਕਿਉਂ ਨਹੀਂ ਦਰਿਆਵਾਂ ਦੇ ਕਮਜ਼ੋਰ ਬੰਨ੍ਹਾਂ ਜਾਂ ਕਿਨਾਰਿਆਂ ਨੂੰ ਮਜ਼ਬੂਤ ਕੀਤਾ। ਬਿਨਾਂ ਸ਼ੱਕ ਅਸੀਂ ਹੜ੍ਹ ਨੂੰ ਠੱਲ੍ਹਣ ਲਈ ਪ੍ਰਬੰਧ ਨਹੀਂ ਕੀਤੇ। ਬਿਨ੍ਹਾਂ ਸ਼ੱਕ ਸਾਡੇ ਪਾਸ ਵਾਧੂ ਪਾਣੀ ਨੂੰ ਬਚਾਉਣ ਤੇ ਵਰਤਣ ਅਤੇ ਰੱਖ ਰਖਾਅ ਲਈ ਕੋਈ ਪ੍ਰਬੰਧ ਨਹੀਂ। ਮੀਂਹ ਥੋੜ੍ਹਾ ਜਿਹਾ ਵੱਧ ਆ ਜਾਵੇ ਤਾਂ ਸਾਡੇ ਦੇਸ਼ ਵਿੱਚ ਹੜ੍ਹਾਂ ਵਰਗੇ ਹਾਲਾਤ ਬਣ ਜਾਂਦੇ ਹਨ। ਨਦੀਆਂ ਨਾਲੇ ਜਾਂ ਹੋਰ ਮੌਸਮੀ ਪਾਣੀ ਦੇ ਸਰੋਤ ਵੀ ਦਰਿਆਵਾਂ ਦੀਆਂ ਹੀ ਸ਼ਾਖਾਵਾਂ ਹਨ, ਨੂੰ ਵੀ ਅਸੀਂ ਹੜ੍ਹਾਂ ਦੀ ਸਥਿਤੀ ਵਿੱਚ ਵਰਤਣ ਵਿੱਚ ਅਸਮਰੱਥ ਰਹਿੰਦੇ ਹਾਂ। ਕਹਿਣ ਦਾ ਭਾਵ ਕਿ ਸਾਡੀ ਹੜ੍ਹਾਂ ਸੰਬੰਧੀ ਕੋਈ ਵਿਉਂਤਬੰਦੀ ਨਹੀਂ ਹੈ। ਨਦੀਆਂ, ਨਾਲਿਆਂ ਦਰਿਆਵਾਂ ਜਾਂ ਹੋਰ ਪਾਣੀ ਦੇ ਸਰੋਤਾਂ ਖੂਹ, ਟੋਬੇ, ਚੋਅ ਸਾਰੇ ਨਜਾਇਜ਼ ਕਬਜ਼ਾਧਾਰੀਆਂ ਨੇ ਦੱਬ ਲਏ ਹਨ। ਪਾਣੀ ਕਿੱਥੇ ਜਾਵੇ। ਪਾਣੀ ਨੂੰ ਜਿੱਧਰ ਰਸਤਾ ਮਿਲ ਜਾਂਦਾ ਹੈ, ਉਹ ਉੱਧਰ ਦਾ ਰੁੱਖ ਕਰ ਲੈਂਦਾ ਹੈ। ਪਾਣੀ ਦੇ ਵਹਾਅ ਦੇ ਪੁਰਾਣੇ ਖੇਤਰ ਹੁਣ ਅਸੀਂ ਬੰਦ ਕਰ ਦਿੱਤੇ ਹਨ। ਪਾਣੀ ਤਾਂ ਘਰਾਂ ਵਿੱਚ ਵੜੇਗਾ ਹੀ। ਪਾਣੀ ਉੱਥੇ ਹੀ ਆਇਆ ਹੈ ਜਿੱਥੇ ਨੇੜੇ ਦਰਿਆ ਸੀ ਜਾਂ ਜਿੱਥੇ ਪਾਣੀ ਨੂੰ ਰਸਤਾ ਮਿਲਿਆ। ਪਾਣੀ ਦੇ ਵੱਧ ਦਬਾਅ ਕਰ ਕੇ ਨੇੜਲੇ ਖੇਤਰ ਨੂੰ ਪਾਣੀ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ।

ਅੱਜ ਪੰਜਾਬ ਵਿੱਚ ਮੀਂਹ ਦੇ ਪਾਣੀ ਨੂੰ ਸਮਾਉਣ ਦੀ ਸਮਰੱਥਾ ਵੀ ਪੰਜਾਬ ਦੀ ਮਿੱਟੀ ਵਿੱਚ ਪਹਿਲਾਂ ਜਿੰਨੀ ਨਹੀਂ ਰਹੀ। ਜਦੋਂ ਤੋਂ ਪੰਜਾਬ ਵਿੱਚ ਝੋਨੇ ਦੀ ਬੀਜਾਈ ਸ਼ੁਰੂ ਹੋਈ ਹੈ, ਉਸ ਤੋਂ ਬਾਅਦ ਤਾਂ ਪਾਣੀ ਨੂੰ ਜੀਵਨ ਦੀ ਧਰਤੀ ਦੀ ਸਮਰੱਥਾ ਨਾ ਮਾਤਰ ਰਹਿ ਗਈ ਕਿਉਂਕਿ ਜ਼ਮੀਨ ਵਿਚਲੀਆਂ ਕੁਦਰਤੀ ਮੋਰੀਆਂ ਲਗਭਗ ਖ਼ਤਮ ਹੋ ਗਈਆਂ ਹਨ, ਜਿਸ ਕਾਰਨ ਮੀਂਹ ਦਾ ਪਾਣੀ ਛੇਤੀ ਜ਼ਮੀਨ ਵਿੱਚ ਜਜ਼ਬ ਨਹੀਂ ਹੁੰਦਾ। ਸਾਡਾ ਜਲ ਨਿਕਾਸੀ ਪ੍ਰਬੰਧ ਵੀ ਬਹੁਤਾ ਕਾਰਗਰ ਨਹੀਂ ਹੈ। ਵੱਧ ਮੀਂਹ ਜਾਂ ਬਰਸਾਤੀ ਪਾਣੀ ਦੇ ਰੱਖ ਰਖਾਅ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਨਦੀਆਂ, ਨਾਲਿਆਂ, ਦਰਿਆਵਾਂ ਤੇ ਅਸਰ ਰਸੂਖ ਵਾਲਿਆਂ ਨੇ ਕਬਜ਼ੇ ਕਰ ਲਏ ਹਨ। ਦਰਿਆਵਾਂ ਦਾ ਦਾਇਰਾ ਪਹਿਲਾਂ ਦੇ ਮੁਕਾਬਲੇ ਤੰਗ ਹੋ ਗਿਆ ਹੈ। ਦਰਿਆਵਾਂ ਦੀ ਗਹਿਰਾਈ ਵੀ ਬਹੁਤ ਘੱਟ ਹੈ। ਦਰਿਆਵਾਂ ਦੀ ਸਾਫ਼ ਸਫ਼ਾਈ ਵੱਲ ਤਾਂ ਕੋਈ ਧਿਆਨ ਹੀ ਨਹੀਂ ਹੈ। ਇਹ ਵੀ ਜਾਣਨ ਵਿੱਚ ਆਇਆ ਹੈ ਕਿ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ 'ਤੇ ਬਣੇ ਡੈਮਾਂ 'ਤੇ ਕਦੇ ਸਫ਼ਾਈ ਹੀ ਨਹੀਂ ਕੀਤੀ ਗਈ। ਉਨ੍ਹਾਂ ਡੈਮਾਂ ਦੀ ਵੀ ਪਾਣੀ ਸੰਭਾਲਣ ਦੀ ਸਮਰੱਥਾ ਪਹਿਲਾਂ ਦੇ ਮੁਕਾਬਲੇ ਘੱਟ ਹੈ।

ਸਰਕਾਰ ਦੇ ਸਾਹਮਣੇ ਭਾਵੇਂ ਅੱਜ ਬਹੁਤ ਤਰ੍ਹਾਂ ਦੀਆਂ ਚੁਣੌਤੀਆਂ ਹਨ ਪਰ ਪਾਣੀ ਬਾਰੇ ਸੋਚ ਵਿਚਾਰ ਕਰਨੀ, ਪਾਣੀ ਦੇ ਰੱਖ ਰਖਾਅ ਜਾਂ ਪਾਣੀ ਦੀ ਵਰਤੋਂ ਦੀ ਸੁਚੱਜਤਾ ਵੀ ਕੋਈ ਛੋਟੀ ਚੁਣੌਤੀ ਨਹੀਂ ਹੈ। ਹੜ੍ਹ ਆਉਣ ਦੇ ਹੋਰ ਵੀ ਕਾਰਨ ਹੋਣਗੇ ਪਰ ਇਹ ਤਾਂ ਸੱਚ ਹੈ ਕਿ ਸਰਕਾਰਾਂ ਦੀ ਨਾਲਾਇਕੀ ਤੇ ਨਾ-ਗੰਭੀਰਤਾ ਨੇ ਹੜ੍ਹਾਂ ਵਲੋਂ ਕੀਤੀ ਗਈ ਤਬਾਹ ਨੂੰ ਜਨਮ ਦਿੱਤਾ ਹੈ। ਪੰਜਾਬ ਦੇ ਜਲ ਸੰਸਾਧਨ ਮੰਤਰੀ ਨੇ ਆਪ ਮੰਨਿਆ ਹੈ ਕਿ ਸਾਨੂੰ ਪਤਾ ਚੱਲ ਗਿਆ ਸੀ ਕਿ ਦਰਿਆਵਾਂ ਦੇ ਬੰਨ੍ਹ ਕਈ ਜਗ੍ਹਾ ਕਮਜ਼ੋਰ ਹਨ। ਇਸ ਦਾ ਮਤਲਬ ਪਤਾ ਹੋਣ ਦੇ ਬਾਵਜੂਦ ਵੀ ਪਾਣੀ ਦੀ ਨਿਕਾਸੀ, ਪਾਣੀ ਦੇ ਪ੍ਰਬੰਧਨ ਜਾਂ ਪਾਣੀ ਦੇ ਰੱਖ ਰਖਾਅ ਪ੍ਰਤੀ ਸੋਚ ਵਿਚਾਰ ਹੀ ਨਹੀਂ ਕੀਤੀ ਗਈ। ਪਿਛਲੇ ਕਈ ਸਾਲਾਂ ਤੋਂ ਲਗਾਤਾਰ ਹਰ ਦੂਜੇ ਸਾਲ ਵੱਧ ਮੀਂਹ ਪੈਣ ਕਰ ਕੇ ਹੜ੍ਹ ਆਉਂਦੇ ਹਨ। ਪਰ ਅਸੀਂ ਅਵੇਸਲੇ ਹਾਂ। ਦਰਿਆਵਾਂ ਵਿੱਚੋਂ ਮਿੱਟੀ ਤੇ ਕੰਕਰੀਟ ਨੂੰ ਚੁੱਕਣ ਨਾਲ ਹੀ ਦਰਿਆਵਾਂ ਦੀ 15 ਹਜ਼ਾਰ ਤੋਂ 50 ਹਜ਼ਾਰ ਕਿਊਸਕ ਤਕ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਵੱਧ ਜਾਵੇਗੀ ਪਰ ਸਾਡਾ ਇਸ ਪਾਸੇ ਧਿਆਨ ਨਹੀਂ ਹੈ। ਬਿਨਾਂ ਸ਼ੱਕ ਦਰਿਆਵਾਂ ਦੀ ਪਾਣੀ ਸੰਭਾਲਣ ਦੀ ਸਮਰੱਥਾ ਵੀ ਘੱਟੀ ਹੈ। ਜਿਸ ਕਰ ਕੇ ਥੋੜ੍ਹੀ ਜਿਹੀ ਬਾਰਸ਼ ਨਾਲ ਦਰਿਆਵਾਂ ਵਿੱਚ ਪਾਣੀ ਦੀ ਮਾਰੂ ਸਥਿਤੀ ਪੈਦਾ ਹੋ ਜਾਂਦੀ ਹੈ। ਹੁਣ ਵੀ ਅਜਿਹਾ ਹੀ ਹੋਇਆ ਹੈ। ਪਾਣੀ ਕਿਨਾਰੇ ਤੋੜ ਕੇ ਬਾਹਰ ਆ ਗਿਆ। ਸਤਲੁਜ ਦਰਿਆਵਾਂ ਦੀ ਪਹਿਲਾਂ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਕਰੀਬ ਤਿੰਨ ਲੱਖ ਕਿਊਸਕ ਸੀ ਜੋ ਅੱਜ 90 ਹਜ਼ਾਰ ਕਿਊਸਕ ਰਹਿ ਗਈ ਹੈ। ਜਿੱਥੇ ਦਰਿਆ ਦਾ ਪੱਧਰ ਉੱਚਾ ਹੈ, ਉੱਥੇ ਤਾਂ ਦਰਿਆ ਦੀ ਪਾਣੀ ਸੰਭਾਲਣ ਦੀ ਸਮਰੱਥਾ ਪੰਜਾਹ, ਸੱਠ ਹਜ਼ਾਰ ਕਿਊਸਕ ਹੀ ਹੈ। ਉੱਥੇ ਘੱਟ ਪਾਣੀ ਹੀ ਤਰਥਲੀ ਮਚਾ ਦਿੰਦਾ ਹੈ। ਇਹ ਸਥਿਤੀ ਇਕੱਲੇ ਸਤਲੁਜ ਦੀ ਨਹੀਂ ਹੈ, ਤਕਰੀਬਨ ਸਾਰੇ ਹੀ ਦਰਿਆਵਾਂ ਦੀ ਹੈ। ਘੱਗਰ ਤੇ ਚੱਕੀ ਦਰਿਆ ਮੌਸਮੀ ਦਰਿਆ ਹਨ ਪਰ ਉਨ੍ਹਾਂ ਵਿੱਚ ਚੜ੍ਹੇ ਪਾਣੀ ਨੇ ਵੀ ਲੋਕਾਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ।

ਪੰਜਾਬ ਸਰਕਾਰ ਨੇ ਇੱਕ ਏਕੜ ਪਿੱਛੇ ਵੀਹ ਹਜ਼ਾਰ ਰੁਪਏ ਕਿਸਾਨਾਂ ਨੂੰ ਦੇਣ ਦਾ ਵਾਅਦਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਸੂਬੇ ਲਈ 1600 ਕਰੋੜ ਰੁਪਏ ਦੇਣ ਦੀ ਗੱਲ ਕਹੀ ਹੈ ਪਰ ਲੋਕਾਂ ਨੂੰ ਦਿੱਤੇ ਜਾ ਰਹੇ ਮੁਆਵਜ਼ੇ ਦਾ ਜੇਕਰ ਅੱਧਾ ਹਿੱਸਾ ਵੀ ਦਰਿਆਵਾਂ ਦੀ ਸਾਂਭ ਸੰਭਾਲ 'ਤੇ ਲਾ ਦੇਈਏ ਤਾਂ ਮੁਸ਼ਕਲ ਖ਼ਤਮ ਹੋ ਜਾਵੇਗੀ ਪਰ ਅਜਿਹਾ ਨਾ ਤਾਂ ਸਰਕਾਰ ਨੇ ਪਹਿਲਾਂ ਕੀਤਾ ਹੈ ਅਤੇ ਨਾ ਹੀ ਹੁਣ ਕਰਨਾ ਹੈ। ਲੋਕ ਖਮਿਆਜਾ ਭੁਗਤਦੇ ਹਨ ਅਤੇ ਅੱਗੇ ਨੂੰ ਵੀ ਭੁਗਤਣਗੇ। ਸੋ ਆਫ਼ਤਾਂ ਨਾਲ ਮਿਲ ਕੇ, ਵਿਉਂਤਬੰਦੀ ਨਾਲ ਲੜਿਆ ਜਾ ਸਕਦਾ ਹੈ। ਅਜਿਹੇ ਸਮਿਆਂ ਨੂੰ ਸਿਆਸੀ ਮੁੱਦਾ ਨਹੀਂ ਬਣਾਉਣਾ ਚਾਹੀਦਾ ਕਿਉਂਕਿ ਲੱਖਾਂ ਕਰੋੜਾਂ ਲੋਕਾਂ ਦਾ ਜੀਵਨ ਦਾਅ 'ਤੇ ਲੱਗਿਆ ਹੋਇਆ ਹੈ।

ਪੰਜਾਬ ਸਰਕਾਰ ਨੇ ਇੱਕ ਏਕੜ ਪਿੱਛੇ ਵੀਹ ਹਜ਼ਾਰ ਰੁਪਏ ਕਿਸਾਨਾਂ ਨੂੰ ਦੇਣ ਦਾ ਵਾਅਦਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਸੂਬੇ ਲਈ 1600 ਕਰੋੜ ਰੁਪਏ ਦੇਣ ਦੀ ਗੱਲ ਕਹੀ ਹੈ ਪਰ ਲੋਕਾਂ ਨੂੰ ਦਿੱਤੇ ਜਾ ਰਹੇ ਮੁਆਵਜੇ ਦਾ ਜੇਕਰ ਅੱਧਾ ਹਿੱਸਾ ਵੀ ਦਰਿਆਵਾਂ ਦੀ ਸਾਂਭ-ਸੰਭਾਲ 'ਤੇ ਲਾ ਦੇਈਏ ਤਾਂ ਮੁਸ਼ਕਲ ਖ਼ਤਮ ਹੋ ਜਾਵੇਗੀ।

## ਦਰਿਆਵਾਂ ਦੇ ਰੱਖ-ਰਖਾਵ ਵਲ ਧਿਆਨ ਦੇਣਾ ਵੀ ਜ਼ਰੂਰੀ...

ਦਰਿਆਵਾਂ ਵਿੱਚੋਂ ਮਿੱਟੀ ਤੇ ਕੰਕਰੀਟ ਨੂੰ ਚੁੱਕਣ ਨਾਲ ਹੀ ਦਰਿਆਵਾਂ ਦੀ 15 ਹਜ਼ਾਰ ਤੋਂ 50 ਹਜ਼ਾਰ ਕਿਊਸਕ ਤਕ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਵੱਧ



ਜਾਵੇਗੀ ਪਰ ਸਾਡਾ ਇਸ ਪਾਸੇ ਧਿਆਨ ਨਹੀਂ ਹੈ। ਬਿਨਾਂ ਸ਼ੱਕ ਦਰਿਆਵਾਂ ਦੀ ਪਾਣੀ ਸੰਭਾਲਣ ਦੀ ਸਮਰੱਥਾ ਵੀ ਘਟੀ ਹੈ ਜਿਸ ਕਰ ਕੇ ਥੋੜ੍ਹੀ ਜਿਹੀ ਬਾਰਸ਼ ਨਾਲ ਹੀ ਦਰਿਆਵਾਂ ਵਿੱਚ ਪਾਣੀ ਦੀ ਮਾਰੂ ਸਥਿਤੀ ਪੈਦਾ ਹੋ ਜਾਂਦੀ ਹੈ। ਹੁਣ ਵੀ ਅਜਿਹਾ ਹੀ ਹੋਇਆ ਹੈ। ਪਾਣੀ ਕਿਨਾਰੇ ਤੋੜ ਕੇ ਬਾਹਰ ਆ ਗਿਆ। ਸਤਲੁਜ ਦਰਿਆਵਾਂ ਦੀ ਪਹਿਲਾਂ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਕਰੀਬ ਤਿੰਨ ਕਿਊਸਕ ਸੀ ਜੋ ਅੱਜ 90 ਹਜ਼ਾਰ ਕਿਊਸਕ ਰਹਿ ਗਈ ਹੈ। ਜਿੱਥੇ ਦਰਿਆ ਦਾ ਪੱਧਰ ਉੱਚਾ ਹੈ, ਉੱਥੇ ਤਾਂ ਦਰਿਆ ਦਾ ਪਾਣੀ ਸੰਭਾਲਣ ਦੀ ਸਮਰੱਥਾ ਪੰਜਾਹ, ਸੱਠ ਹਜ਼ਾਰ ਕਿਊਸਕ ਹੀ ਹੈ। ਉੱਥੇ ਘੱਟ ਪਾਣੀ ਹੀ ਤਰਥਲੀ ਮਚਾ ਦਿੰਦਾ ਹੈ। ਇਹ ਸਥਿਤੀ ਇਕੱਲੇ ਸਤਲੁਜ ਦੀ ਨਹੀਂ ਹੈ, ਤਕਰੀਬਨ ਸਾਰੇ ਹੀ ਦਰਿਆਵਾਂ ਦੀ ਹੈ। ਘੱਗਰ ਤੇ ਚੱਕੀ ਦਰਿਆ ਮੌਸਮੀ ਦਰਿਆ ਹਨ ਪਰ ਉਨ੍ਹਾਂ ਵਿੱਚ ਚੜ੍ਹੇ ਪਾਣੀ ਨੇ ਵੀ ਲੋਕਾਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ।



# ਖੇਤੀ ਇੱਕ ਘਾਟੇ ਦਾ ਧੰਦਾ

## ਇਸ ਘਾਟੇ ਨਾਲ ਕਿਸਾਨ ਦਮ ਤੋੜ ਰਿਹਾ ਹੈ

ਭਾਰਤੀ ਸੱਭਿਆਚਾਰ ਵਿੱਚ ਤਿਉਹਾਰ ਅਤੇ ਰੀਤੀ-ਰਿਵਾਜ਼ ਖੇਤੀਬਾੜੀ ਨਾਲ ਜੁੜੇ ਹੋਏ ਹਨ। ਖੇਤੀ ਭਾਰਤ ਦੀ ਸਵੈ-ਨਿਰਭਰਤਾ ਦਾ ਮੂਲ ਕਾਰਨ ਹੈ। ਸਾਡਾ ਸਮਾਜ ਅਤੇ ਅਧਿਆਤਮਿਕਤਾ ਖੇਤੀਬਾੜੀ ਨਾਲ ਜੁੜੀ ਹੋਈ ਹੈ। ਵਿਸਾਖੀ ਪੰਜਾਬ ਵਿੱਚ ਇੱਕ ਖੇਤੀਬਾੜੀ-ਆਧਾਰਿਤ ਤਿਉਹਾਰ ਹੈ। ਮੈਨੂੰ ਯਾਦ ਹੈ ਕਿ ਜਦੋਂ ਕਣਕ ਦੀ ਕਟਾਈ ਹੁੰਦੀ ਸੀ, ਤਾਂ ਕਿਸਾਨ ਇੱਕ ਜਾਂ ਦੋ ਮਰਲੇ ਕਣਕ ਨਹੀਂ ਵੇਚਦੇ ਸਨ, ਸਗੋਂ ਇਸ ਨੂੰ ਪੰਛੀਆਂ ਅਤੇ ਕਬੂਤਰਾਂ ਲਈ ਛੱਡ ਦਿੰਦੇ ਸਨ।

ਮੈਨੂੰ ਇਹ ਵੀ ਯਾਦ ਹੈ ਕਿ ਖੇਤਾਂ ਨੂੰ ਵਾਹੁਣ ਤੋਂ ਪਹਿਲਾਂ ਅਸੀਂ ਵੱਡੀਆਂ ਰੋਟੀਆਂ ਤਿਆਰ ਕਰਦੇ ਸੀ ਅਤੇ ਪਰਿਵਾਰ ਦੇ ਦੇਵਤੇ ਦੇ ਨਾਂ 'ਤੇ ਖੇਤ ਦੇਚਾਰਾਂ ਕੋਨਿਆਂ ਵਿੱਚ ਦੱਬ ਦਿੰਦੇ ਸੀ। ਭਾਰਤ ਵਿੱਚ ਖੇਤੀਬਾੜੀ ਸਾਡਾ ਜਿਊਣ ਦਾ ਢੰਗ ਹੈ। ਸਮਾਜ ਦਾ 70 ਫ਼ੀਸਦੀ ਹਿੱਸਾ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ ਪਰ ਭਾਰਤ ਵਿੱਚ ਬ੍ਰਿਟਿਸ਼ ਰਾਜ ਨੇ ਭਾਰਤ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਨੇ ਜ਼ਮੀਨੀ ਪ੍ਰਣਾਲੀ ਨੂੰ ਬਦਲ ਦਿੱਤਾ ਅਤੇ ਭਾਰਤ ਵਿੱਚ ਜ਼ਿਮੀਂਦਾਰਾ ਪ੍ਰਣਾਲੀ ਨੂੰ ਜਨਮ ਦਿੱਤਾ ਕਿਉਂਕਿ ਉਨ੍ਹਾਂ ਨੇ ਰਾਜ ਕਰਨਾ ਸੀ। ਇਸ ਤਰ੍ਹਾਂ, ਉਨ੍ਹਾਂ ਨੇ ਸਮਾਜ ਨੂੰ ਵੰਡ ਦਿੱਤਾ। ਦਰਅਸਲ, ਅੰਗਰੇਜ਼ਾਂ ਨੇ ਕਿਸਾਨਾਂ ਨੂੰ ਲਗਾਤਾਰ ਗਰੀਬ ਕੀਤਾ। ਇਸ ਲਈ ਖੇਤੀ ਕਰਨਾ ਘਾਟੇ ਦਾ ਸੌਦਾ ਹੋ ਗਿਆ। ਨਤੀਜੇ ਵਜੋਂ, ਭਾਰਤ ਵਿੱਚ ਹਰ ਸਾਲ 2,000 ਕਿਸਾਨ ਖੇਤੀ ਛੱਡ ਰਹੇ ਹਨ। ਹਜ਼ਾਰਾਂ ਕਿਸਾਨ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀ ਕਰ ਰਹੇ ਹਨ।

ਖੇਤੀਬਾੜੀ 'ਤੇ ਸਵੈ-ਨਿਰਭਰਤਾ ਘਟਦੀ ਜਾ ਰਹੀ ਹੈ। ਇਸ ਤੋਂ ਇਲਾਵਾ, ਮੌਸਮ ਨੇ ਲਗਾਤਾਰ ਖੇਤੀ ਦਾ ਅਪਮਾਨ ਕੀਤਾ ਹੈ। ਪੰਜ ਸਾਲਾਂ ਵਿੱਚ ਮੌਸਮ ਨੇ ਸਿਰਫ਼ ਇੱਕ ਵਾਰ ਕਿਸਾਨਾਂ ਦਾ ਪੱਖ ਲਿਆ ਹੈ। ਕਦੇ ਸੋਕਾ, ਕਦੇ ਗੜੇਮਾਰੀ, ਕਦੇ ਤੂਫਾਨ ਅਤੇ ਕਦੇ ਟਿੱਡੀ ਦਲ ਨੇ ਕਿਸਾਨਾਂ ਦੇ ਹੋਸ਼ ਉਡਾ ਦਿੱਤੇ। ਪੰਜਾਬ ਦੇ ਕਿਸਾਨਾਂ 'ਤੇ 1,04,353 ਲੱਖ ਕਰੋੜ ਦਾ ਕਰਜ਼ਾ ਹੈ। 2025 ਦੀ ਪਹਿਲੀ ਤਿਮਾਹੀ ਵਿੱਚ ਭਾਰਤ ਦੇ ਕਿਸਾਨਾਂ 'ਤੇ ਵਿਦੇਸ਼ੀ ਕਰਜ਼ਾ 736,331 ਡਾਲਰ ਸੀ।

ਸਾਨੂੰ ਇਸ ਗੱਲ ਤੋਂ ਖੁਸ਼ ਨਹੀਂ ਹੋਣਾ ਚਾਹੀਦਾ ਕਿ ਅਮਰੀਕਾ ਅਤੇ ਚੀਨ ਦੇ ਕਿਸਾਨ ਭਾਰਤੀ ਕਿਸਾਨਾਂ ਨਾਲੋਂ ਜ਼ਿਆਦਾ ਕਰਜ਼ਦਾਰ ਹਨ। ਅੱਜ ਖੇਤੀ ਕਿਸਾਨਾਂ ਦਾ ਦਮ ਘੁੱਟ ਰਹੀ ਹੈ। ਕਿਉਂ ? ਖੇਤੀਬਾੜੀ 'ਤੇ ਆਬਾਦੀ ਦਾ ਦਬਾਅ ਵਧ ਰਿਹਾ ਹੈ। ਘਟਦੀ ਜ਼ਮੀਨ, ਖੰਡਿਤ ਜ਼ਮੀਨ, ਅਨਿਸ਼ਚਿਤ ਮੌਸਮ, ਸਿੰਚਾਈ ਦੀ ਘਾਟ ਅਤੇ ਲਗਾਤਾਰ ਵਧਦੀ ਖੇਤੀ ਲਾਗਤ ਕਿਸਾਨਾਂ ਨੂੰ ਕਰਜ਼ੇ ਵਿੱਚ ਫਸਾ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਆਮਦਨ ਘੱਟ ਰਹੀ ਹੈ।



ਮਾਸਟਰ ਮੋਹਨ ਲਾਲ
ਸਾਬਕਾ ਟਰਾਂਸਪੋਰਟ ਮੰਤਰੀ

ਇਹੀ ਕਾਰਨ ਹੈ ਕਿ ਦੇਸ਼ ਭਰ ਵਿੱਚ ਕਿਸਾਨ ਅੰਦੋਲਨ ਤੇਜ਼ ਹੋ ਰਹੇ ਹਨ। ਖੇਤੀਬਾੜੀ ਨੀਤੀਆਂ ਨੂੰ ਬਦਲਣ ਅਤੇ ਕਿਸਾਨਾਂ ਦੀਆਂ ਆਰਥਿਕ ਸਥਿਤੀਆਂ ਵਿੱਚ ਸੁਧਾਰ ਕਰਨ ਦੀਆਂ ਮੰਗਾਂ ਕੀਤੀਆਂ ਜਾ ਰਹੀਆਂ ਹਨ। ਵਿਸਫੋਟਕ ਆਬਾਦੀ ਵਾਧਾ ਜ਼ਮੀਨਾਂ ਦੇ ਆਕਾਰ ਨੂੰ ਘਟਾ ਰਿਹਾ ਹੈ। ਇੱਕ ਕਿਸਾਨ ਕੋਲ ਹੁਣ ਇੱਕ ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ। ਜ਼ਮੀਨ ਛੋਟੇ ਟੁਕੜਿਆਂ ਵਿੱਚ ਵੰਡੀ ਹੋਈ ਹੈ, ਜਿਸ ਨਾਲ ਕਿਸਾਨ ਆਪਣਾ ਗੁਜ਼ਾਰਾ ਨਹੀਂ ਕਰ ਰਹੇ। ਭਾਰਤ ਵਿੱਚ 60 ਫ਼ੀਸਦੀ ਖੇਤੀਬਾੜੀ ਜ਼ਮੀਨ ਵਿੱਚ ਸਿੰਚਾਈ ਦੀ ਘਾਟ ਹੈ। ਕਿਸਾਨਾਂ ਨੂੰ ਬਾਜ਼ਾਰ ਵਿੱਚ ਆਪਣੀ ਉਪਜ ਦੇ ਉਚਿਤ ਮੁੱਲ ਨਹੀਂ ਮਿਲ ਰਹੇ ਹਨ।

ਖੇਤੀ ਲਾਗਤਾਂ ਵੱਧ ਰਹੀਆਂ ਹਨ। ਇਸ ਕਰ ਕੇ ਕਿਸਾਨ ਹਾਲ ਹੀ ਵਿੱਚ ਮਹਾਰਾਸ਼ਟਰ, ਰਾਜਸਥਾਨ, ਤਾਮਿਲਨਾਡੂ, ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਅੰਦੋਲਨ ਕਰ ਰਹੇ ਹਨ। ਕਿਸਾਨ ਖੁਦਕੁਸ਼ੀਆਂ ਵਿੱਚ ਵਾਧਾ ਹੋਇਆ ਹੈ। ਕਿਸਾਨ ਅੰਦੋਲਨ ਅੱਜ ਤੋਂ ਸ਼ੁਰੂ ਨਹੀਂ ਹੋਏ; ਕਿਸਾਨ ਅੰਦੋਲਨਾਂ ਦਾ ਇਤਿਹਾਸ 200 ਸਾਲ ਪੁਰਾਣਾ ਹੈ।

19ਵੀਂ ਸਦੀ ਵਿੱਚ ਨੀਲ ਵਿਦਰੋਹ, ਮਦਰਾਸ ਅਤੇ ਪੰਜਾਬ ਵਿੱਚ ਕਿਸਾਨ ਅੰਦੋਲਨ ਇਸ ਦੀਆਂ ਉਦਾਹਰਣਾਂ ਹਨ। ਜੇਕਰ ਅਸੀਂ ਆਜ਼ਾਦੀ ਅੰਦੋਲਨ ਦੇ ਸੰਬੰਧ ਵਿੱਚ ਭਾਰਤੀ ਕਿਸਾਨ ਅੰਦੋਲਨ 'ਤੇ ਵਿਚਾਰ ਕਰੀਏ, ਤਾਂ ਕਿਸਾਨ ਅੰਦੋਲਨਾਂ ਨੇ ਆਜ਼ਾਦੀ ਦੀ ਲੜਾਈ ਨੂੰ ਸੁਵਿਧਾਜਨਕ ਬਣਾਇਆ ਸੀ। ਅਪ੍ਰੈਲ 1917 ਦਾ ਨੀਲ ਅੰਦੋਲਨ ਪਹਿਲਾ 'ਸੰਗਠਿਤ ਅੰਦੋਲਨ' ਸੀ। ਅੰਗਰੇਜ਼ਾਂ ਨੇ ਇਸ ਕਿਸਾਨ ਸੰਘਰਸ਼ ਨੂੰ ਦੰਗਾ ਅਤੇ ਪ੍ਰਸ਼ਾਸਨਿਕ ਪ੍ਰਣਾਲੀ ਵਿੱਚ ਵਿਘਨ ਕਹਿ ਕੇ ਕੁਚਲ ਦਿੱਤਾ। ਇਸ 'ਸੰਗਠਿਤ ਕਿਸਾਨ ਸੰਘਰਸ਼' ਨੂੰ 'ਕਾਨੂੰਨ ਅਤੇ ਵਿਵਸਥਾ' ਦਾ ਰੂਪ ਦਿੱਤਾ ਗਿਆ। ਉਦਾਹਰਣ ਵਜੋਂ ਪੰਜਾਬ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਕਿਸਾਨ ਅੰਦੋਲਨ 'ਰਾਸ਼ਟਰੀ ਆਜ਼ਾਦੀ' ਲਈ ਅੰਦੋਲਨ ਬਣ ਗਏ। ਕਿਸਾਨ ਤਲਵਾਰਾਂ ਚਲਾਉਣੀਆਂ ਨਹੀਂ ਜਾਣਦੇ, ਪਰ ਉਨ੍ਹਾਂ ਨੂੰ ਕਿਸੇ ਵੀ ਤਲਵਾਰ ਦੀ ਪ੍ਰਵਾਹ ਨਹੀਂ ਹੈ।

ਹਰ ਜਗ੍ਹਾ ਕਿਸਾਨ ਕਰਜ਼ੇ ਵਿੱਚ ਫਸੇ ਹੋਏ ਹਨ। ਹਰ ਸਾਲ 2.5 ਲੱਖ ਕਿਸਾਨਾਂ ਨੂੰ ਡਿਫਾਲਟਰ ਐਲਾਨਿਆ ਜਾਂਦਾ ਹੈ। ਆਪਣੇ ਕਰਜ਼ੇ ਵਾਪਸ ਕਰਨ ਤੋਂ ਅਸਮਰੱਥ ਕਿਸਾਨ ਦੁੱਖੀ ਹਨ। ਉਹ ਮਾਨਸਿਕ ਤੌਰ 'ਤੇ ਅਸਥਿਰ ਹੋ ਗਏ ਹਨ ਅਤੇ ਇਸ ਲਈ ਖੁਦਕਸ਼ੀਆਂ ਕਰਨ 'ਤੇ ਮਜ਼ਬੂਰ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਪਿਛਲੇ ਦਹਾਕੇ ਵਿੱਚ ਖੇਤੀ ਵਿੱਚ ਲੱਗੇ 12,000 ਕਿਸਾਨਾਂ ਨੇ ਖੁਦਕੁਸ਼ੀ ਕੀਤੀ।

ਭਾਸ਼ਾ ਉਪਲਬਧ ਅੰਕੜਿਆਂ ਅਨੁਸਾਰ ਸਿਰਫ਼ 2022 ਵਿੱਚ 11,290 ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਸੰਯੁਕਤ ਕਿਸਾਨ ਮੋਰਚਾ ਨੇ ਰਿਪੋਰਟ ਦਿੱਤੀ ਕਿ 10 ਜੁਲਾਈ 2021 ਤੱਕ ਵਿਰੋਧ ਪ੍ਰਦਰਸ਼ਨਾਂ ਵਿੱਚ 537 ਤੋਂ ਵੱਧ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ। ਅਕਤੂਬਰ ਅਤੇ ਨਵੰਬਰ 2021 ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਰਾਕੇਸ਼ ਟਿਕੈਤ ਨੇ ਕਿਹਾ ਕਿ ਲਗਭਗ 750 ਪ੍ਰਦਰਸ਼ਨਕਾਰੀ ਮਾਰੇ ਗਏ ਸਨ।

ਕਿਸਾਨਾਂ ਦੀ ਸਥਿਤੀ ਸੁਧਾਰਨ ਲਈ ਸਰਕਾਰ ਅਤੇ ਕਿਸਾਨ ਮਿਲ ਕੇ ਸਿੰਚਾਈ ਪ੍ਰਬੰਧਨ, ਕੁਦਰਤੀ ਖੇਤੀ ਨੂੰ ਉਤਸ਼ਾਹ ਦੇਣਾ, ਫ਼ਸਲਾਂ ਦਾ ਬੀਮਾ ਕਰਨਾ, ਸਸਤੇ ਕਰਜ਼ੇ, ਆਧੁਨਿਕ ਤਕਨੀਕ ਦੀ ਵਰਤੋਂ, ਬਿਹਤਰ ਬਾਜ਼ਾਰ ਤੱਕ ਪਹੁੰਚ, ਖੇਤੀ ਸਿੱਖਿਆ ਅਤੇ ਟ੍ਰੇਨਿੰਗ ਵਿੱਚ ਸੁਧਾਰ ਕਰ ਸਕਦੇ ਹਨ।

# ਸਬਜ਼ੀਆਂ ਦੀ ਕਾਸ਼ਤ ਅਤੇ ਸਵੈ-ਮੰਡੀਕਰਨ ਕਰਨ ਵਾਲਾ ਉੱਦਮੀ ਕਿਸਾਨ - ਮਨਪ੍ਰੀਤ ਸਿੰਘ

ਮਨਪ੍ਰੀਤ ਸਿੰਘ ਉਮਰ 35 ਸਾਲ, ਪਿੰਡ ਸ਼ੇਖੂਪੁਰਾ ਕਲ੍ਹਾਂ, ਜ਼ਿਲ੍ਹਾ ਮਲੇਰਕੋਟਲਾ ਦਾ ਰਹਿਣ ਵਾਲਾ ਅਤੇ ਸਬਜ਼ੀਆਂ ਦੀ ਖੇਤੀ ਅਤੇ ਸਵੈ-ਮੰਡੀਕਰਨ ਕਰਨ ਵਾਲਾ ਹਿੰਮਤੀ ਕਿਸਾਨ ਹੈ। ਜਿਸ ਨੇ ਡੀ. ਫਾਰਮੇਸੀ ਅਤੇ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰਨ ਉਪਰੰਤ ਆਪਣੇ ਹਿੱਸੇ ਦੀ 3 ਕਿੱਲੇ ਜ਼ਮੀਨ ਉੱਪਰ ਰਵਾਇਤੀ ਫ਼ਸਲੀ-ਚੱਕਰ ਵਿੱਚੋਂ ਨਿੱਕਲ ਕੇ ਜੈਵਿਕ ਸਬਜ਼ੀਆਂ ਦੀ ਖੇਤੀ ਸ਼ੁਰੂ ਕਰ ਦਿੱਤੀ ਅਤੇ 1.5 ਏਕੜ ਠੇਕੇ ਤੇ ਜ਼ਮੀਨ ਲੈ ਕੇ ਉੱਪਰ ਕਣਕ, ਮੱਕੀ ਤੇ ਸਰ੍ਹੋਂ ਦੀ ਖੇਤੀ ਕਰ ਰਿਹਾ ਹਾਂ।

### ਸਾਰਾ ਸਾਲ ਸਬਜ਼ੀਆਂ ਦੀ ਸਫ਼ਲ ਕਾਸ਼ਤ ਦੇ ਨੁਕਤੇ

★ ਉਹ ਅਗੇਤੀ/ਪਿਛੇਤੀ/ਮੁੱਖ ਸਮੇਂ ਦੀਆਂ ਸਬਜ਼ੀਆਂ ਦੀ ਕਾਸ਼ਤ ਕਰਕੇ ਚੰਗਾ ਮੁਨਾਫ਼ਾ ਕਮਾਉਂਦਾ ਹੈ। ਜਿਵੇਂ ਕਿ ਮਟਰ ਦੀ ਮੁੱਖ ਅਤੇ ਪਿਛੇਤੀ ਫ਼ਸਲ, ਵੇਲਾਂ ਵਾਲੀਆਂ ਸਬਜ਼ੀਆਂ ਦੀ ਅਗੇਤੀ/ਮੁੱਖ ਅਤੇ ਪਿਛੇਤੀ ਬਿਜਾਈ ਅਤੇ ਹਰੀ ਮਿਰਚ/ਸ਼ਿਮਲਾ ਮਿਰਚ ਦੀ ਅਗੇਤੀ ਅਤੇ ਮੁੱਖ ਸਮੇਂ ਦੀ ਬਿਜਾਈ ਕਰਦਾ ਹੈ।

★ ਉਹ ਸਬਜ਼ੀਆਂ ਦੀਆਂ ਵੱਖ-ਵੱਖ ਕਿਸਮਾਂ/ਤਕਨੀਕਾਂ ਦੀ ਸਫ਼ਲ



ਵਰਤੋਂ ਕਰਕੇ ਸਾਲ ਵਿੱਚ ਕਈ ਵਾਰ ਸਬਜ਼ੀਆਂ ਦੀ ਕਾਸ਼ਤ ਲਗਭਗ ਅੱਧੇ ਤੋਂ ਇੱਕ ਵਿੱਘਾ ਜਗ੍ਹਾ ਵਿੱਚ ਕਰਦਾ ਹੈ ਅਤੇ ਮੰਡੀ ਵਿੱਚ ਮੰਗ ਅਨੁਸਾਰ ਵੱਖ-ਵੱਖ ਸਮੇਂ ਤੇ ਲਿਜਾ ਕੇ ਵੱਧ ਰੇਟ ਪ੍ਰਾਪਤ ਕਰ ਲੈਂਦਾ ਹੈ।

★ ਗੋਭੀ ਦੀ ਫ਼ਸਲ ਛੇ-ਵਾਰ (ਜੁਲਾਈ ਤੋਂ ਦਸੰਬਰ) ਤੱਕ ਮਹੀਨੇ-ਮਹੀਨੇ ਦੇ ਫ਼ਰਕ ਨਾਲ ਕਰਦਾ ਹੈ ਅਤੇ ਗੋਭੀ ਦੀਆਂ ਵੱਟਾਂ ਉੱਪਰ ਮੂਲੀ ਦੀ ਕਾਸ਼ਤ ਸਾਲ ਵਿੱਚ ਪੰਜ ਵਾਰ (ਜੁਲਾਈ/ਅਗਸਤ/ਅਕਤੂਬਰ/ਦਸੰਬਰ/ਫਰਵਰੀ) ਕਰਦਾ ਹੈ।

★ ਭਿੰਡੀ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਦੀ ਬਿਜਾਈ ਚਾਰ-ਵਾਰ (ਫਰਵਰੀ, ਜੁਲਾਈ, ਅਪ੍ਰੈਲ-ਮਈ ਅਤੇ ਨਵੰਬਰ) ਅਤੇ ਚੁਕੰਦਰ ਦੀ ਬਿਜਾਈ ਚਾਰ-ਵਾਰੀ ਮਹੀਨੇ-ਮਹੀਨੇ ਦੇ ਫ਼ਰਕ ਨਾਲ ਕਰਦਾ ਹੈ। ਸਾਗ ਦੀ ਫ਼ਸਲ ਵੀ ਛੇ-ਵਾਰ ਜੁਲਾਈ ਤੋਂ ਜਨਵਰੀ ਤੱਕ ਹਰ ਮਹੀਨੇ ਕਰਦਾ ਹੈ।

★ ਬਰੋਕਲੀ, ਲੈਟੂਸ, ਪਾਲਕ/ਫਰਾਂਸਬੀਨ, ਮਿਰਚ/ਸ਼ਿਮਲਾ ਮਿਰਚ/ਫਰਾਂਸਬੀਨ ਦੀ ਕਾਸ਼ਤ ਵੇਲਾਂ ਵਾਲੀਆਂ ਸਬਜ਼ੀਆਂ ਜਾਲ 'ਤੇ ਚੜ੍ਹਾ ਕੇ ਅੰਤਰ-ਫ਼ਸਲ ਵਜੋਂ ਕਰਦਾ ਹੈ।

★ ਨਦੀਨਾਂ ਦੀ ਰੋਕਥਾਮ ਲਈ ਗੁਡਾਈ/ਪਾਵਰ ਟਿਲਰ/ਮਲਚਿੰਗ ਦੀ ਵਰਤੋਂ ਕਰਦਾ ਹੈ। ਉਸ ਵੱਲੋਂ ਸਬਜ਼ੀਆਂ ਦੀ ਕਾਸ਼ਤ ਬੈਡਾਂ ਉੱਪਰ ਹੀ ਕੀਤੀ ਜਾਂਦੀ ਹੈ।

★ ਸਾਰਾ ਸਾਲ 5 ਤੋਂ 6 ਬੱਚਿਆਂ ਨੂੰ ਰੁਜ਼ਗਾਰ ਦਿੰਦਾ ਹੈ ਅਤੇ ਲੇਬਰ ਦੇ ਵਾਧੂ ਖਰਚੇ ਤੋਂ ਬਚਣ ਲਈ ਪਰਿਵਾਰ ਦੇ ਸਾਰੇ 5 ਮੈਂਬਰ ਰਲ ਕੇ ਖੇਤੀ ਦਾ ਕੰਮ ਕਰਨ ਨੂੰ ਪਹਿਲ ਦਿੰਦੇ ਹਨ।

ਮਨਪ੍ਰੀਤ ਨੇ ਖੇਤੀ ਦੇ ਨਾਲ-ਨਾਲ ਸਹਾਇਕ ਧੰਦੇ ਵਜੋਂ ਪਸ਼ੂ ਵਜੋਂ ਪਾਲਣ, ਖੁੰਬਾਂ ਦੀ ਕਾਸ਼ਤ ਅਤੇ ਐਗਰੋ-ਪ੍ਰੋਸੈਸਿੰਗ ਦੇ ਕੰਮ ਨੂੰ ਵੀ ਅਪਣਾਇਆ ਹੋਇਆ ਹੈ। ਰੋਜ਼ਾਨਾ ਸਬਜ਼ੀ ਵੇਚਣ ਦੇ ਨਾਲ-ਨਾਲ ਉਹ ਦੁੱਧ, ਪਨੀਰ, ਘਿਓ, ਲੱਸੀ, ਸਬਜ਼ੀਆਂ ਦਾ ਆਚਾਰ, ਕਣਕ ਅਤੇ ਮੱਕੀ ਦਾ ਆਟਾ ਅਤੇ ਵਰਮੀ ਕੰਪੋਸਟ ਵੇਚਣ ਦਾ ਕੰਮ ਵੀ ਕਰ ਰਿਹਾ ਹੈ।

ਸਬਜ਼ੀਆਂ ਦੇ ਸਵੈ ਮੰਡੀਕਰਨ ਲਈ ਉਸ ਨੇ ਇੱਕ ਸਪੈਸ਼ਲ ਵਹੀਕਲ ਤਿਆਰ ਕਰਵਾਇਆ ਹੋਇਆ ਹੈ। ਜਿਸ ਉੱਪਰ ਉਸਨੇ ''ਬੋਪਾਰਾਏ ਵੈਜੀਟੇਬਲ ਫਾਰਮ'' ਦੇ ਨਾਮ ਹੇਠ ਦਿਲ ਖਿੱਚਵੀਆਂ ਫਲੈਕਸਾਂ ਲਗਾਈਆਂ ਹੋਈਆਂ ਹਨ। ਸਬਜ਼ੀਆਂ ਦੀ ਵਿਕਰੀ ਉਹ ਲੁਧਿਆਣੇ ਦੀਆਂ ਛੋਟੀਆਂ ਕਿਸਾਨ ਮੰਡੀਆਂ ਅਤੇ ਵੱਖ-ਵੱਖ ਕਾਲੋਨੀਆਂ ਵਿੱਚ ਆਪ ਹੀ ਕਰਦਾ ਹੈ। ਖੇਤੀਬਾੜੀ ਸਬੰਧੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਉਹ ਕ੍ਰਿਸ਼ੀ ਵਿਗਿਆਨ ਕੇਂਦਰ ਖੇਤੀ ਦੇ ਮਾਹਿਰਾਂ ਨਾਲ ਰਾਬਤਾ ਬਣਾ ਕੇ ਰੱਖਦਾ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲਿਆਂ ਵਿੱਚ ਵੀ ਭਾਗ ਲੈਂਦਾ ਹੈ। ਉਹ ਹੋਰਨਾਂ ਸਬਜ਼ੀ ਉਤਪਾਦਕਾਂ ਨਾਲ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਬੋਪਾਰਾਏ ਵੈਜੀਟੇਬਲ ਫਾਰਮ ਨਾਂ ਹੇਠ ਯੂ-ਟਿਊਬ ਚੈਨਲ ਵੀ ਚਲਾ ਰਿਹਾ ਹੈ। ਇਸ ਤਰ੍ਹਾਂ ਉਹ ਫਸਲੀ ਵਿਭਿੰਨਤਾ ਨੂੰ ਅਪਣਾ ਕੇ ਰਵਾਇਤੀ ਖੇਤੀ ਨਾਲੋਂ ਤਿੰਨ ਤੋਂ ਚਾਰ ਗੁਣਾ ਵੱਧ ਆਮਦਨ ਕਮਾ ਲੈਂਦਾ ਹੈ।

**ਰਵਿੰਦਰ ਕੌਰ ਅਤੇ ਮਨਦੀਪ ਸਿੰਘ, ਪੀਏਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਖੇਤੀ (ਸੰਗਰੂਰ) ਮੋ. 94630-66782**



# ਭਾਰਤ ਦੀ ਆਬਾਦੀ ਵਿੱਚ ਹੋ ਰਹੀਆਂ ਮਹੱਤਵਪੂਰਨ ਤਬਦੀਲੀਆਂ



ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਤੇ ਡੀਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ : 98154-27127

ਦੁਨੀਆ ਸਮੇਤ ਭਾਰਤ ਆਪਣੀ ਆਬਾਦੀ ਵਿੱਚ ਬਹੁਤ ਤਰ੍ਹਾਂ ਦੀਆਂ ਵੱਡੀਆਂ ਤਬਦੀਲੀਆਂ ਦਾ ਅਨੁਭਵ ਕਰ ਰਿਹਾ ਹੈ । ਦੇਸ਼ ਵਿੱਚ 2021 ਦੌਰਾਨ ਮਰਦਮਸ਼ੁਮਾਰੀ ਨਾ ਹੋਣ ਕਾਰਨ ਜਨਸੰਖਿਆ ਵਿੱਚ ਤਬਦੀਲੀਆਂ ਦਾ ਅਧਿਐਨ ਕਰਨ ਲਈ ਸਭ ਤੋਂ ਭਰੋਸੇਯੋਗ ਸਰੋਤ ਵੀ ਸੈਂਪਲ ਰਜਿਸਟ੍ਰੇਸ਼ਨ ਪ੍ਰਣਾਲੀ ਹੀ ਹੈ । ਸਤੰਬਰ 2025 ਵਿੱਚ 2023 ਤੱਕ ਆਬਾਦੀ ਵਿੱਚ ਆਈਆਂ ਤਬਦੀਲੀਆਂ ਬਾਰੇ ਸੈਂਪਲ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਰਿਪੋਰਟ ਵਿੱਚ ਮੁੱਖ ਤੌਰ 'ਤੇ ਪ੍ਰਜਣਨ ਤੇ ਮੌਤ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ, ਇਹ ਲੇਖ ਸੈਂਪਲ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਇਸ ਤਾਜ਼ਾ ਕੀਤੀ ਰਿਪੋਰਟ ਤੇ ਆਧਾਰਿਤ ਹੈ ।

ਸਭ ਤੋਂ ਪਹਿਲਾਂ ਦੇਸ਼ ਦੀ ਕੁੱਲ ਆਬਾਦੀ ਵਿੱਚ ਹੋਏ ਵਾਧੇ ਬਾਰੇ ਗੱਲ ਕਰਦੇ ਹਾਂ । ਆਬਾਦੀ ਵਿੱਚ ਇਹ ਵਾਧਾ ਮੁੱਖ ਤੌਰ 'ਤੇ ਔਰਤਾਂ ਵਿੱਚ ਪ੍ਰਜਣਨ ਦੀ ਕੁੱਲ ਦਰ, ਦੇਸ਼ ਵਿੱਚ ਜਨਮ ਦਰ, ਮੌਤ ਦਰ ਤੇ ਛੋਟੇ ਬੱਚਿਆਂ ਵਿੱਚ ਮੌਤ ਦੀ ਦਰ 'ਤੇ ਨਿਰਭਰ ਕਰਦਾ ਹੈ । ਵਿਸ਼ਵ ਪੱਧਰ 'ਤੇ ਆਬਾਦੀ ਦਾ ਅਧਿਐਨ ਕਰਨ ਵਾਲੀਆਂ ਸੰਸਥਾਵਾਂ ਤੇ ਮਾਹਿਰਾਂ ਅਨੁਸਾਰ ਜੇ ਔਰਤਾਂ ਵਿੱਚ ਪ੍ਰਜਣਨ ਦੀ ਦਰ 2.1 ਤੋਂ ਵੱਧ ਹੋਵੇ ਅਤੇ ਨਾਲ ਹੀ ਜਨਮ ਦਰ ਮੌਤ ਦਰ ਤੋਂ ਵੱਧ ਹੋਵੇ ਤਾਂ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ । 1951 ਵਿੱਚ ਦੇਸ਼ ਦੀਆਂ ਔਰਤਾਂ ਵਿੱਚ ਪ੍ਰਜਣਨ ਦੀ ਦਰ ਕਾਫ਼ੀ ਉੱਚੀ ਲਗਭਗ 6 ਸੀ, 1000 ਵਿਅਕਤੀਆਂ ਪਿੱਛੇ ਜਨਮ ਦਰ 40 ਤੇ ਮੌਤ ਦਰ 27 ਦੇ ਕਰੀਬ ਸੀ । ਨਤੀਜੇ ਵਜੋਂ 1951 ਤੋਂ ਬਾਅਦ ਲਗਾਤਾਰ ਭਾਰਤ ਦੀ ਆਜ਼ਾਦੀ ਵਿੱਚ ਭਾਰੀ ਵਾਧਾ ਹੋਇਆ ਅਤੇ ਹੁਣ ਇਹ 145 ਕਰੋੜ ਤੋਂ ਵੱਧ ਚੁੱਕੀ ਹੈ । ਹੁਣ ਦੁਨੀਆ ਭਰ ਵਿੱਚ ਆਬਾਦੀ ਦੇ ਵੱਖ-ਵੱਖ ਪਹਿਲੂਆਂ ਵਿੱਚ ਆ ਰਹੀਆਂ ਵੱਡੀਆਂ ਤਬਦੀਲੀਆਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ 'ਤੇ ਆਪਣੇ ਪ੍ਰਭਾਵ ਪਾਉਣਗੀਆਂ । ਆਬਾਦੀ ਵਿੱਚ ਆ ਰਹੀਆਂ ਤਬਦੀਲੀਆਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ।

ਔਰਤਾਂ ਵਿੱਚ ਪ੍ਰਜਣਨ ਦੀ ਦਰ ਲਗਾਤਾਰ ਘੱਟਦੀ ਹੋਈ 2023 ਤੱਕ ਪ੍ਰਤਿਸਥਾਪਨ ਪੱਧਰ 2.1 ਤੋਂ ਘੱਟ ਕੇ 1.9 ਰਹਿ ਗਈ ਹੈ, ਜਿਸ ਦਾ ਸਪੱਸ਼ਟ ਸੰਕੇਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਆਬਾਦੀ ਹੋਰ ਘਟੇਗੀ । ਇਸੇ ਹੀ ਤਰ੍ਹਾਂ ਦੇ ਹੋਰ ਸੂਚਕ- ਪਹਿਲਾਂ ਦੇਸ਼ ਵਿੱਚ ਜਨਮ ਦਰ ਘਟ ਕੇ 2023 ਵਿੱਚ 18.4 'ਤੇ ਆ ਗਈ ਹੈ ਅਤੇ ਇਸ ਦੌਰਾਨ ਮੌਤ ਦਰ ਵੀ ਘੱਟ ਕੇ 6.4 ਰਹਿ ਗਈ ਹੈ । ਵਿਸ਼ਵ ਪੱਧਰ 'ਤੇ ਔਰਤਾਂ ਵਿੱਚ ਪ੍ਰਜਣਨ ਦੀ ਦਰ ਇਸ ਸਮੇਂ 2.4 ਹੈ, ਜੋ ਪਹਿਲਾਂ 5 ਦੇ ਆਸ ਪਾਸ ਹੁੰਦੀ ਸੀ । ਇਹ ਦਰ ਕੁਝ ਦੇਸ਼ਾਂ-ਦੱਖਣੀ ਕੋਰੀਆ ਵਿੱਚ 0.88, ਚੀਨ 0.9, ਜਾਪਾਨ ਵਿੱਚ 1.37 ਵਿੱਚ ਬਹੁਤ ਹੀ ਘੱਟ ਹੋ ਗਈ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ 2050 ਤੱਕ ਭਾਰਤ ਵਿੱਚ ਇਹ ਦਰ 1.3 ਰਹਿ ਜਾਣ ਦਾ ਅਨੁਮਾਨ ਹੈ । ਦੇਸ਼ ਦੇ ਵੱਖ-ਵੱਖ ਸੂਬਿਆਂ ਦਿੱਲੀ, ਪੰਜਾਬ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਪੱਛਮੀ ਬੰਗਾਲ, ਕੇਰਲ, ਜੰਮੂ-ਕਸ਼ਮੀਰ, ਕਰਨਾਟਕ ਤੇ ਤੇਲੰਗਾਨਾ ਵਿੱਚ ਔਰਤਾਂ ਵਿੱਚ ਪ੍ਰਜਣਨ ਦੀ ਦਰ 1.2-1.5 ਦੇ ਵਿਚਕਾਰ ਰਹਿ ਗਈ ਹੈ ਅਤੇ ਸਿਰਫ਼ ਤਿੰਨ ਸੂਬਿਆਂ- ਬਿਹਾਰ ਵਿੱਚ 2.8, ਉੱਤਰ ਪ੍ਰਦੇਸ਼ 2.6 ਤੇ ਝਾਰਖੰਡ ਵਿੱਚ 2.1, ਪ੍ਰਤਿਸਥਾਪਨ ਪੱਧਰ (Replacement Level) ਦੇ ਬਰਾਬਰ ਜਾਂ ਵੱਧ ਹੈ । ਜਦੋਂ ਅਸੀਂ ਇਸ ਦਰ ਨੂੰ ਦੇਸ਼ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਵੇਖਦੇ ਹਾਂ ਤਾਂ ਇਹ ਕ੍ਰਮਵਾਰ ਲਗਭਗ 1.5 ਤੇ 2.1 ਹੈ । ਪਿਛਲੇ ਕੁਝ ਸਾਲਾਂ ਦੌਰਾਨ ਦੇਸ਼ ਦੀ ਜਨਮ ਦਰ ਤੇ ਮੌਤ ਦਰ ਵਿੱਚ ਵੀ ਬਹੁਤ ਗਿਰਾਵਟ ਆਈ ਹੈ । ਆਬਾਦੀ ਵਿੱਚ ਆਈਆਂ ਤਬਦੀਲੀਆਂ ਤੋਂ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਦੇਸ਼ ਦੀ ਆਬਾਦੀ ਵਿੱਚ ਭਾਰੀ ਗਿਰਾਵਟ ਆਏਗੀ ।

ਇਸੇ ਤਰ੍ਹਾਂ ਦੇਸ਼ ਦੀ ਆਬਾਦੀ ਵਿੱਚ ਇੱਕ ਹੋਰ ਖ਼ਾਸ ਤੇ ਮਹੱਤਵਪੂਰਨ ਬਦਲਾਅ- ਲਿੰਗ ਅਨੁਪਾਤ ਵਿੱਚ ਸੁਧਾਰ ਹੋਣਾ ਵੇਖਿਆ ਜਾ ਸਕਦਾ ਹੈ । ਦੇਸ਼ ਦੀ ਆਬਾਦੀ ਵੇਲੇ ਇਹ ਅਨੁਪਾਤ 1000 ਮਰਦਾਂ ਪਿੱਛੇ 946 ਔਰਤਾਂ ਸੀ, ਜੋ ਵਿਗੜ ਪੈਣ ਕਾਰਨ 1991 ਵਿੱਚ ਸਭ ਤੋਂ ਨੀਵੇਂ ਪੱਧਰ 929 'ਤੇ ਪਹੁੰਚ ਗਿਆ ਸੀ । ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ-5 ਦੇ ਅੰਦਾਜ਼ਿਆਂ ਮੁਤਾਬਕ ਲਿੰਗ ਅਨੁਪਾਤ ਹੁਣ ਸੁਧਾਰ ਹੋਣ ਕਾਰਨ ਲਗਭਗ ਬਰਾਬਰੀ 'ਤੇ ਹੈ । ਪਰ ਜਦੋਂ ਅਸੀਂ ਲਿੰਗ ਅਨੁਪਾਤ ਸੰਬੰਧੀ ਸ਼ਹਿਰੀ ਤੇ ਪੇਂਡੂ ਖੇਤਰਾਂ ਵੱਲ ਨਿਗਾਹ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਦੇਸ਼ ਦੇ ਪੇਂਡੂ ਖੇਤਰਾਂ ਵਿੱਚ ਇਹ ਸੁਧਾਰ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਘੱਟ ਹੋਇਆ ਹੈ ਅਤੇ ਇਸ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ । ਦੇਸ਼ ਦੀ ਆਬਾਦੀ ਦਾ ਲਿੰਗ ਅਨੁਪਾਤ ਹੁਣ ਪੱਛਮ ਤੇ ਹੋਰ ਵਿਕਸਿਤ ਦੇਸ਼ਾਂ ਦੇ ਬਰਾਬਰ ਹੋ ਗਿਆ ਹੈ, ਜੋ ਆਬਾਦੀ ਵਿੱਚ ਸੰਤੁਲਨ ਬਣਾਈ ਰੱਖਣ ਲਈ ਲਾਹੇਵੰਦ ਸਾਬਤ ਹੋਵੇਗਾ ਅਤੇ ਦੇਸ਼ ਹੋਰ ਮਜ਼ਬੂਤੀ ਨਾਲ ਵਿਕਾਸ ਦੇ ਰਾਹ ਪੈ ਜਾਵੇਗਾ । ਇਹ ਸਮਾਜਿਕ ਸੰਤੁਲਨ ਕਾਇਮ ਰੱਖਣ ਤੇ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਵੀ ਮਦਦਗਾਰ ਸਾਬਤ ਹੋਵੇਗਾ । ਆਬਾਦੀ ਵਿੱਚ ਤਬਦੀਲੀਆਂ ਲਈ ਮੌਤ ਦਰ ਵੀ ਇੱਕ ਮਹੱਤਵਪੂਰਨ ਸੂਚਕ ਮੰਨਿਆ ਜਾਂਦਾ ਹੈ ਕਿਉਂਕਿ ਆਬਾਦੀ ਦੇ ਵੱਖ-ਵੱਖ ਪਹਿਲੂਆਂ ਦਾ ਅਧਿਐਨ ਕਰਨ ਲਈ ਇਸ ਦੀ ਡੂੰਘਾਈ ਵਿੱਚ ਜਾਣਕਾਰੀ ਹੋਣਾ ਜ਼ਰੂਰੀ ਹੈ । ਦੇਸ਼ ਵਿੱਚ ਸਿਹਤ ਸਹੂਲਤਾਂ, ਸਿਫ਼ਤ ਸਿੱਖਿਆ ਤੇ ਸਿਹਤ ਸੰਬੰਧੀ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਕਰਨ ਲਈ ਮੌਤ ਦਰ ਦੇ ਵੱਖ-ਵੱਖ ਪਹਿਲੂਆਂ ਦੀ ਚੰਗੀ ਜਾਣਕਾਰੀ ਹੋਣੀ ਵੀ ਜ਼ਰੂਰੀ ਹੈ । ਮੌਤ ਦਰ ਦੇ ਮੁੱਖ ਪਹਿਲੂ- ਆਜ਼ਾਦੀ ਵਿੱਚ ਆਮ ਮੌਤ ਦਰ, ਬੱਚਿਆਂ ਦੀ 5 ਸਾਲ ਤੋਂ ਪਹਿਲਾਂ ਮੌਤ ਹੋਣ ਦੀ ਮੌਤ ਦਰ, ਇੱਕ ਸਾਲ ਤੋਂ ਪਹਿਲਾਂ ਬੱਚਿਆਂ ਦੀ ਮੌਤ ਹੋ ਜਾਣ ਦੀ ਮੌਤ ਦਰ ਅਤੇ ਇਸ ਨਾਲ ਸੰਬੰਧਿਤ ਕਈ ਹੋਰ ਪਹਿਲੂ ਵੀ ਆਬਾਦੀ ਨੂੰ ਪ੍ਰਭਾਵਿਤ ਕਰਦੇ ਹਨ, ਜਿਨ੍ਹਾਂ ਦਾ ਅਧਿਐਨ ਕਰਨਾ ਵੀ ਜ਼ਰੂਰੀ ਅਤੇ ਮਹੱਤਵਪੂਰਨ ਕਾਰਜ ਹੈ । ਦੇਸ਼ ਦੇ ਹਰ ਕਿਸਮ ਦੀ ਮੌਤ ਦਰ ਨੂੰ ਘਟਾਉਣ ਵਿੱਚ ਬਹੁਤ ਵੱਡੇ ਮਾਰਕੇ ਮਾਰੇ ਹਨ, ਪਰ ਵਿਕਸਤ ਦੇਸ਼ਾਂ ਦੇ ਮੁਕਾਬਲੇ ਅਸੀਂ ਹਾਲੇ ਵੀ ਕਾਫ਼ੀ ਪਿੱਛੇ ਹਾਂ ਅਤੇ ਇਸ ਪਹਿਲੂ ਸੰਬੰਧੀ ਅਜੇ ਬਹੁਤ ਕੁਝ ਕਰਨਾ ਜ਼ਰੂਰੀ ਹੈ ਤਾਂ ਕਿ ਭਾਰਤ ਦੁਨੀਆ ਦੇ ਮੋਹਰੀ ਦੇਸ਼ਾਂ ਵਿੱਚ ਸ਼ੁਮਾਰ ਹੋ ਸਕੇ ।

ਜਿੱਥੇ ਤੱਕ ਦੇਸ਼ ਦੀ ਆਬਾਦੀ ਵਿੱਚ ਜਨਮ ਦਰ ਦਾ ਸਵਾਲ ਹੈ, ਇਸ ਨੂੰ ਘਟਾਉਣ ਵਿੱਚ ਵੀ ਦੇਸ਼ ਨੇ ਬਹੁਤ ਸਫ਼ਲਤਾ ਹਾਸਲ ਕੀਤੀ ਹੈ ਅਤੇ ਹੁਣ ਅਸੀਂ ਇਸ ਸੂਚਕ ਵਿੱਚ ਦੁਨੀਆ ਦੇ ਦਰਮਿਆਨੀ ਜਨਮ ਦਰ ਸਾਡੇ ਦੇਸ਼ ਵਿੱਚ ਸ਼ੁਮਾਰ ਹੋ ਗਏ ਹਾਂ । ਜ਼ਿਕਰਯੋਗ ਹੈ ਕਿ ਨਾਈਜ਼ੀਰੀਆ, ਸੋਮਾਲੀਆ, ਚਾਡ ਆਦਿ ਉੱਚੀ ਜਨਮ ਦਰ ਅਤੇ ਦੱਖਣੀ ਕੋਰੀਆ, ਤਾਈਵਾਨ, ਜਾਪਾਨ ਤੇ ਸਿੰਘਾਪੁਰਾ ਬਹੁਤ ਨੀਵੀਂ ਜਨਮ ਦਰ ਵਾਲੇ ਦੇਸ਼ ਹਨ । ਜਿਸ ਤੇਜ਼ੀ ਨਾਲ ਦੇਸ਼ ਵਿੱਚ ਔਰਤਾਂ ਵਿੱਚ ਪ੍ਰਜਣਨ ਦੀ ਦਰ ਘੱਟ ਰਹੀ ਹੈ ਲੱਗਦਾ ਹੈ ਜਲਦੀ ਹੀ ਦੇਸ਼ ਘੱਟ/ਨੀਵੀਂ ਜਨਮ ਦਰ ਵਾਲੇ ਦੇਸ਼ਾਂ ਵਿੱਚ ਸ਼ਾਮਿਲ ਹੋ ਜਾਵੇਗਾ । ਔਰਤਾਂ ਵਿੱਚ ਪ੍ਰਜਣਨ ਦੀ ਦਰ ਅਤੇ ਨਤੀਜੇ ਵਜੋਂ ਜਨਮ ਦਰ ਘੱਟਣ ਦੇ ਮੁੱਖ ਕਾਰਨ ਦੇਸ਼ ਵਿੱਚ ਲੋਕਾਂ ਦਾ ਪੜ੍ਹੇ-ਲਿਖੇ ਹੋਣਾ, ਖ਼ਾਸ ਕਰਕੇ ਪੜ੍ਹੀਆਂ-ਲਿਖੀਆਂ ਔਰਤਾਂ ਦੀ ਗਿਣਤੀ ਵਿੱਚ ਵਾਧਾ ਹੋਣਾ ਹੈ । ਜ਼ਿਆਦਾਤਰ ਪੜ੍ਹੇ-ਲਿਖੇ ਲੋਕ ਆਮ ਕਰਕੇ ਇਕਹਿਰੇ ਪਰਿਵਾਰਾਂ ਤੇ ਛੋਟੇ ਪਰਿਵਾਰਾਂ ਨੂੰ ਤਰਜੀਹ ਦਿੰਦੇ ਹਨ । ਇਸ ਦੇ ਨਾਲ ਹੀ ਬੇਰੁਜ਼ਗਾਰੀ, ਨਿੱਜੀ ਖੇਤਰ, ਠੇਕਾ ਆਧਾਰਿਤ ਤੇ ਸਰਕਾਰੀ ਖੇਤਰ ਦੀਆਂ ਨੌਕਰੀਆਂ ਤੋਂ ਘੱਟ ਤਨਖ਼ਾਹਾਂ, ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਸਿਹਤ ਸਹੂਲਤਾਂ ਤੇ ਸਿੱਖਿਆ 'ਤੇ ਵਧੇ ਵੱਡੇ ਖਰਚੇ ਆਦਿ ਦੇ ਚਲਦਿਆਂ ਔਰਤਾਂ ਵਿੱਚ ਪ੍ਰਜਣਨ ਦੀ ਦਰ ਘੱਟ ਨਹੀਂ ਹੈ, ਇਹ ਤੱਥ ਨੀਵੀਂ ਜਨਮ ਦਰ ਲਈ ਜ਼ਿੰਮੇਵਾਰ ਹਨ ।

ਉਪਰੋਕਤ ਅਧਿਐਨ ਸਪੱਸ਼ਟ ਕਰਦਾ ਹੈ ਕਿ ਦੁਨੀਆ ਤੇ ਭਾਰਤ ਵਿੱਚ ਜਨਸੰਖਿਆ ਵਿੱਚ ਆਈਆਂ ਅਤੇ ਆ ਰਹੀਆਂ ਤਬਦੀਲੀਆਂ ਬਹੁਤ ਮਹੱਤਵਪੂਰਨ ਹਨ, ਜੋ ਭਵਿੱਖ ਨਾਲ ਦੇਸ਼ਾਂ ਦੀ ਅਰਥਵਿਵਸਥਾ, ਆਰਥਿਕ ਸੁਰੱਖਿਆ, ਸਮਾਜਿਕ ਸੁਰੱਖਿਆ, ਸੱਭਿਆਚਾਰ, ਰਾਜਨੀਤਕ ਸਰਗਰਮੀਆਂ, ਸਿੱਖਿਆ ਤੇ ਸਿਹਤ ਸਹੂਲਤਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰਨਗੀਆਂ । ਇਸ ਲਈ ਦੇਸ਼ ਦੀਆਂ ਹਾਕਮ ਜਮਾਤਾਂ ਅਤੇ ਸਰਕਾਰਾਂ ਨੂੰ ਆਪਣੀਆਂ ਸਾਰੀਆਂ ਨੀਤੀਆਂ ਨੂੰ ਮੁੜ ਤੋਂ ਜਨਸੰਖਿਆ ਵਿੱਚ ਆਈਆਂ ਤਬਦੀਲੀਆਂ ਦੇ ਸੰਦਰਭ ਵਿੱਚ ਵਿਉਂਤਣਾ ਪਵੇਗਾ ।

ਜਿੱਥੇ ਤੱਕ ਦੇਸ਼ ਦੀ ਆਬਾਦੀ ਵਿੱਚ ਜਨਮ ਦਰ ਦਾ ਸਵਾਲ ਹੈ, ਇਸ ਨੂੰ ਘਟਾਉਣ ਵਿੱਚ ਵੀ ਦੇਸ਼ ਨੇ ਬਹੁਤ ਸਫ਼ਲਤਾ ਹਾਸਲ ਕੀਤੀ ਹੈ ਅਤੇ ਹੁਣ ਅਸੀਂ ਇਸ ਸੂਚਕ ਵਿੱਚ ਦੁਨੀਆ ਦੇ ਦਰਮਿਆਨੀ ਜਨਮ ਦਰ ਸਾਡੇ ਦੇਸ਼ ਵਿੱਚ ਸ਼ੁਮਾਰ ਹੋ ਗਏ ਹਾਂ । ਜ਼ਿਕਰਯੋਗ ਹੈ ਕਿ ਨਾਈਜ਼ੀਰੀਆ, ਸੋਮਾਲੀਆ, ਚਾਡ ਆਦਿ ਉੱਚੀ ਜਨਮ ਦਰ ਅਤੇ ਦੱਖਣੀ ਕੋਰੀਆ, ਤਾਈਵਾਨ, ਜਾਪਾਨ ਤੇ ਸਿੰਘਾਪੁਰਾ ਬਹੁਤ ਨੀਵੀਂ ਜਨਮ ਦਰ ਵਾਲੇ ਦੇਸ਼ ਹਨ । ਜਿਸ ਤੇਜ਼ੀ ਨਾਲ ਦੇਸ਼ ਵਿੱਚ ਔਰਤਾਂ ਵਿੱਚ ਪ੍ਰਜਣਨ ਦੀ ਦਰ ਘੱਟ ਰਹੀ ਹੈ ਲੱਗਦਾ ਹੈ ਜਲਦੀ ਹੀ ਦੇਸ਼ ਘੱਟ/ਨੀਵੀਂ ਜਨਮ ਦਰ ਵਾਲੇ ਦੇਸ਼ਾਂ ਵਿੱਚ ਸ਼ਾਮਿਲ ਹੋ ਜਾਵੇਗਾ । ਔਰਤਾਂ ਵਿੱਚ ਪ੍ਰਜਣਨ ਦੀ ਦਰ ਅਤੇ ਨਤੀਜੇ ਵਜੋਂ ਜਨਮ ਦਰ ਘੱਟਣ ਦੇ ਮੁੱਖ ਕਾਰਨ ਦੇਸ਼ ਵਿੱਚ ਲੋਕਾਂ ਦਾ ਪੜ੍ਹੇ-ਲਿਖੇ ਹੋਣਾ, ਖ਼ਾਸ ਕਰਕੇ ਪੜ੍ਹੀਆਂ-ਲਿਖੀਆਂ ਔਰਤਾਂ ਦੀ ਗਿਣਤੀ ਵਿੱਚ ਵਾਧਾ ਹੋਣਾ ਹੈ । ਜ਼ਿਆਦਾਤਰ ਪੜ੍ਹੇ-ਲਿਖੇ ਲੋਕ ਆਮ ਕਰਕੇ ਇਕਹਿਰੇ ਪਰਿਵਾਰਾਂ ਤੇ ਛੋਟੇ ਪਰਿਵਾਰਾਂ ਨੂੰ ਤਰਜੀਹ ਦਿੰਦੇ ਹਨ ।

# ਬਜ਼ੁਰਗਾਂ ਦੀਆਂ ਜ਼ਖ਼ਮੀ ਭਾਵਨਾਵਾਂ ਤੇ ਪ੍ਰੇਮ ਦੀ ਮੱਲ੍ਹਮ ਪਟੀ ਕੀ ਉਹਨਾਂ ਦੀ ਜੰਮੀ ਔਲਾਦ ਲਾਉਂਦੀ ਹੈ?



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ,
ਪਿੰਡ ਝੱਤਰੇ, ਤਹਿ. ਜੀਰਾ,
ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਬਜ਼ੁਰਗ ਸਮਾਜ ਦਾ ਸਰਮਾਇਆ ਹੁੰਦੇ ਹਨ, ਉਹਨਾਂ ਦਾ ਸਮਾਜ ਵਿੱਚ ਅਨਮੋਲ ਮੁੱਲ ਹੈ । ਬਜ਼ੁਰਗ ਹਮੇਸ਼ਾ ਆਪਣੀ ਔਲਾਦ ਨੂੰ ਕੁੱਝ ਨਾ ਕੁੱਝ ਦਿੰਦੇ ਰਹਿੰਦੇ ਹਨ । ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਮਹਿਸੂਸ ਕਰਨਾ ਬਹੁਤ ਜ਼ਰੂਰੀ ਹੈ ਅਤੇ ਠੇਸ ਪਹੁੰਚਾਉਣਾ ਇੱਕ ਮਹਾਂ ਪਾਪ ਹੈ । ਅਜਿਹਾ ਵਰਤਾਅ ਰੱਖਣ ਨਾਲ ਤੁਹਾਨੂੰ ਵੀ ਮੁਸ਼ਕਲਾਂ ਆ ਸਕਦੀਆਂ ਹਨ । ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਬਜ਼ੁਰਗਾਂ ਦੀ ਜ਼ਰੂਰਤ ਬਹੁਤ ਮਾਇਨਾ ਰੱਖਦੀਆਂ ਹਨ । ਉਹਨਾਂ ਨੂੰ ਭੁਲਾ ਦੇਣਾ, ਅਨਜਾਣੀ ਰੁੱਖ ਵਾਲਾ ਵਰਤਾਅ ਰੱਖਣਾ ਅਖੀਰ ਵਿੱਚ ਤੁਹਾਡੇ ਲਈ ਲਾਹੇਵੰਦ ਸਾਬਤ ਨਹੀਂ ਹੋਵੇਗਾ । ਉਹਨਾਂ ਦੀਆਂ ਲੋੜਾਂ ਨੂੰ ਨਜ਼ਰ ਅੰਦਾਜ਼ ਕਰਨਾ ਕਿੱਥੋਂ ਦੀ ਸਿਆਣਪ ਅਖਵਾਉਂਦੀ ਹੈ । ਇਹ ਸਾਰੀਆਂ ਗਲਤ ਗੱਲਾਂ ਅਸੀਂ ਅਪਨਾਈਆਂ ਹਨ । ਜਿਹਨਾਂ ਨੇ ਤੁਹਾਨੂੰ ਜੰਮਿਆ, ਪਾਲਿਆ ਤੇ ਆਪਣੇ ਮੂੰਹ ਦੀ ਗਰਾਹੀ ਤੁਹਾਡੇ ਮੂੰਹ ਵਿਚ ਪਾਈ, ਉਹਨਾਂ ਦਾ ਦੇਣ ਤੁਸੀਂ ਸਾਰੀ ਉਮਰ ਨਹੀਂ ਦੇ ਸਕੋਗੇ । ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕਦੇ ਵੀ ਨਾ ਸੋਚੋ ।

ਪਰ ਅੱਜ ਦੀਆਂ ਔਲਾਦਾਂ ਉਹਨਾਂ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੀਆਂ । ਉਹਨਾਂ ਦੀਆਂ ਭਾਵਨਾਵਾਂ ਤੇ ਮਲ੍ਹਮ ਪੱਟੀ ਕੀ ਕਰਨੀ ਹੈ ਸਗੋਂ ਬਜ਼ੁਰਗਾਂ ਨੂੰ ਬ੍ਰਿਧ ਆਸ਼ਰਮਾਂ ਵਿਚ ਟਿਕਾਣਾ ਲੈਣਾ ਪੈਂਦਾ ਹੈ ਅਤੇ ਆਪਣੀਆਂ ਦਿਲੀ ਭਾਵਨਾਵਾਂ ਨੂੰ ਅੰਦਰੋਂ-ਅੰਦਰੀਂ ਆਪ ਦਿਲਾਸਾ ਦੇ ਕੇ ਮਲ੍ਹਮ ਪੱਟੀ ਕਰਕੇ ਜੀਵਨ ਗੁਜ਼ਾਰ ਜਾਂਦੇ ਹਨ । ਉਹ ਦਿਨ ਦੂਰ ਨਹੀਂ ਜਦੋਂ ਉਹਨਾਂ ਦੀ ਔਲਾਦ ਨੂੰ ਵੀ ਉਸੇ ਤਰ੍ਹਾਂ ਦਾ ਜੀਵਨ ਜਿਊਣਾ ਪਏਗਾ ਇਸ ਬਾਰੇ ਉਹ ਵੀ ਤਿਆਰ ਰਹਿਣ ।

**ਕਾਸ਼ਤਕਾਰ ਸਰਦ ਰੁੱਤ ਵਿੱਚ ਬਟਨ ਖੁੰਬਾਂ ਦੀਆਂ ਦੋ ਫ਼ਸਲਾਂ (ਸਤੰਬਰ-ਮਾਰਚ ਤੱਕ) ਢੀਂਗਰੀ ਖੁੰਬਾਂ ਦੀਆਂ ਤਿੰਨ ਫ਼ਸਲਾਂ (ਅਕਤੂਬਰ-ਮਾਰਚ), ਸ਼ਿਟਾਕੀ ਦੀ ਇੱਕ (ਸਤੰਬਰ-ਫਰਵਰੀ) ਅਤੇ ਗਰਮੀ ਵਾਲੀ ਰੁੱਤ ਵਿੱਚ ਪਰਾਲੀ ਖੁੰਬਾਂ ਦੀਆਂ ਚਾਰ ਫ਼ਸਲਾਂ (ਅਪਰੈਲ-ਅਗਸਤ) ਅਤੇ ਮਿਲਕੀ ਖੁੰਬਾਂ ਦੀਆਂ ਤਿੰਨ ਫ਼ਸਲਾਂ (ਅਪਰੈਲ-ਅਕਤੂਬਰ) ਤੱਕ ਲੈ ਸਕਦਾ ਹੈ। ਖੁੰਬਾਂ ਦੇ ਉਤਪਾਦਨ ਬਾਰੇ ਸਹੀ ਤਕਨੀਕ ਦੀ ਸਿਖਲਾਈ ਨਾਲ ਖੁੰਬਾਂ ਦੀ ਕਾਸ਼ਤ ਨੂੰ ਘਰੇਲੂ ਉਦਯੋਗ ਦੇ ਤੌਰ 'ਤੇ ਅਪਣਾ ਕੇ ਲਾਹੇਵੰਦ ਧੰਦਾ ਬਣਾਇਆ ਜਾ ਸਕਦਾ ਹੈ। ਖੁੰਬਾਂ ਦੀ ਕਾਸ਼ਤ ਹਵਾਦਾਰ ਕਮਰਿਆਂ ਵਿੱਚ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ।**



## ਕਿਸਾਨਾਂ ਲਈ ਲਾਹੇਵੰਦ

# ਖੁੰਬਾਂ ਦੀ ਕਾਸ਼ਤ

**ਡਾ. ਅਰਵਿੰਦ ਪ੍ਰੀਤ ਕੌਰ**
ਕ੍ਰਿਸ਼ੀ ਵਿਗਿਆਨ ਕੇਂਦਰ,
ਫਤਿਹਗੜ੍ਹ ਸਾਹਿਬ
ਮੋਬਾਇਲ : 94637-28095

ਖੁੰਬਾਂ ਬਾਰੇ ਜਾਗਰੂਕਤਾ ਵਧਣ ਨਾਲ ਇਨ੍ਹਾਂ ਦੀ ਖਪਤ ਦਿਨ-ਬਦਿਨ ਵੱਧ ਰਹੀ ਹੈ। ਪੰਜਾਬ ਵਿੱਚ ਖੁੰਬਾਂ ਦੇ ਉਤਪਾਦਨ ਦੀਆਂ ਬਹੁਤ ਸੰਭਾਵਨਾਵਾਂ ਹਨ ਕਿਉਂਕਿ ਪੰਜਾਬ ਦਾ ਪੌਣ-ਪਾਣੀ ਪੰਜ ਕਿਸਮਾਂ ਦੀ ਕਾਸ਼ਤ ਲਈ ਢੁਕਵਾਂ ਹੈ। ਕਾਸ਼ਤਕਾਰ ਸਰਦ ਰੁੱਤ ਵਿੱਚ ਬਟਨ ਖੁੰਬਾਂ ਦੀਆਂ ਦੋ ਫ਼ਸਲਾਂ (ਸਤੰਬਰ-ਮਾਰਚ ਤੱਕ) ਢੀਂਗਰੀ ਖੁੰਬਾਂ ਦੀਆਂ ਤਿੰਨ ਫ਼ਸਲਾਂ (ਅਕਤੂਬਰ-ਮਾਰਚ), ਸ਼ਿਟਾਕੀ ਦੀ ਇੱਕ (ਸਤੰਬਰ-ਫਰਵਰੀ) ਅਤੇ ਗਰਮੀ ਵਾਲੀ ਰੁੱਤ ਵਿੱਚ ਪਰਾਲੀ ਖੁੰਬਾਂ ਦੀਆਂ ਚਾਰ ਫ਼ਸਲਾਂ (ਅਪਰੈਲ-ਅਗਸਤ) ਅਤੇ ਮਿਲਕੀ ਖੁੰਬਾਂ ਦੀਆਂ ਤਿੰਨ ਫ਼ਸਲਾਂ (ਅਪਰੈਲ-ਅਕਤੂਬਰ) ਤੱਕ ਲੈ ਸਕਦਾ ਹੈ। ਖੁੰਬਾਂ ਦੇ ਉਤਪਾਦਨ ਬਾਰੇ ਸਹੀ ਤਕਨੀਕ ਦੀ ਸਿਖਲਾਈ ਨਾਲ ਖੁੰਬਾਂ ਦੀ ਕਾਸ਼ਤ ਨੂੰ ਘਰੇਲੂ ਉਦਯੋਗ ਦੇ ਤੌਰ 'ਤੇ ਅਪਣਾ ਕੇ ਲਾਹੇਵੰਦ ਧੰਦਾ ਬਣਾਇਆ ਜਾ ਸਕਦਾ ਹੈ। ਖੁੰਬਾਂ ਦੀ ਕਾਸ਼ਤ ਹਵਾਦਾਰ ਕਮਰਿਆਂ ਵਿੱਚ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ।

**ਖੁੰਬਾਂ ਦੀ ਕਾਸ਼ਤ ਦੀ ਸਿਖਲਾਈ** : ਖੁੰਬਾਂ ਦੀ ਕਾਸ਼ਤ ਚੰਗੀ ਆਮਦਨ ਦੇਣ ਵਾਲਾ ਲਾਹੇਵੰਦ ਸਹਾਇਕ ਧੰਦਾ ਹੈ। ਇਸ ਨੂੰ ਰਵਾਇਤੀ ਖੇਤੀ ਅਤੇ ਹੋਰ ਕਿਸੇ ਕੰਮ-ਕਾਰ ਦੇ ਨਾਲ-ਨਾਲ ਅਪਣਾ ਕੇ ਆਮਦਨ ਵਧਾਈ ਜਾ ਸਕਦੀ ਹੈ ਪਰ ਇਸ ਧੰਦੇ ਨੂੰ ਸ਼ੁਰੂ ਕਰਨ ਲਈ ਖੁੰਬਾਂ ਦੀ ਕਾਸ਼ਤ ਦੀ ਸਹੀ ਸਿਖਲਾਈ ਲੈਣੀ ਬਹੁਤ ਜ਼ਰੂਰੀ ਹੈ ਤਾਂ ਜੋ ਇਸ ਧੰਦੇ ਨੂੰ ਸਫ਼ਲਤਾਪੂਰਵਕ ਅਪਣਾਇਆ ਜਾ ਸਕੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਖੁੰਬਾਂ ਦੀ ਕਾਸ਼ਤ ਬਾਰੇ ਸਿਖਲਾਈ ਕੋਰਸ ਸਮੇਂ-ਸਮੇਂ ਲਗਾਉਂਦੇ ਰਹਿੰਦੇ ਹਨ।

**ਬਟਨ ਖੁੰਬ ਦੀ ਕਾਸ਼ਤ** : ਬਟਨ ਖੁੰਬ ਸਰਦੀ ਰੁੱਤ ਦੀ ਖੁੰਬ ਹੈ। ਪਹਿਲੀ ਖੁੰਬ ਵਧਣ ਲਈ 14-25 ਸੈਂਟੀਗ੍ਰੇਡ ਅਤੇ ਦੂਜੀ ਖੁੰਬ ਲਈ 19-30 ਸੈਂਟੀਗ੍ਰੇਡ ਤਾਪਮਾਨ ਦੀ ਲੋੜ ਹੁੰਦੀ ਹੈ। ਇਹ ਤਾਪਮਾਨ ਪੰਜਾਬ ਵਿੱਚ ਅਕਤੂਬਰ ਤੋਂ ਫਰਵਰੀ ਤੱਕ ਕੁਦਰਤੀ ਕਾਇਮ ਰਹਿੰਦਾ ਹੈ। ਬਟਨ ਖੁੰਬ ਦੀ ਕਾਸ਼ਤ ਦੇ ਚਾਰ ਲੜੀਵਾਰ ਪੜਾਅ ਹਨ।



**ਕੰਪੋਸਟ ਦੀ ਤਿਆਰੀ** : ਕੰਪੋਸਟ ਅਜਿਹਾ ਮਾਧਿਅਮ ਹੈ ਜਿਸ ਉੱਪਰ ਖੁੰਬ ਦੀ ਉੱਲੀ ਵਧ-ਫੁੱਲ ਸਕਦੀ ਹੈ। ਕੰਪੋਸਟ ਤਿਆਰ ਕਰਨ ਲਈ ਘੱਟੋ-ਘੱਟ 8 ਕੁਇੰਟਲ ਤੂੜੀ ਲੋੜੀਂਦੀ ਹੈ ਜਿਸ ਵਿੱਚ ਸਿਫਾਰਿਸ਼ ਕੀਤੇ ਰਸਾਇਣਾਂ ਅਤੇ ਤੱਤਾਂ ਜਿਵੇਂ 9 ਕਿਲੋ ਕੈਲਸ਼ੀਅਮ ਅਮੋਨੀਅਮ ਨਾਈਟ੍ਰੇਟ (ਕੈਨ), 3 ਕਿਲੋ ਯੂਰੀਆ, 3 ਕਿਲੋ ਸੁਪਰਫਾਸਫੇਟ, 3 ਕਿਲੋ ਮਿਊਰੇਟ ਆਫ਼ ਪੋਟਾਸ਼, 15 ਕਿਲੋ ਕਣਕ ਦਾ ਛਾਣ, 5 ਕਿਲੋ ਸ਼ੀਰਾ, 30 ਕਿਲੋ ਜਿਪਸਮ, 60 ਮਿਲੀਲਿਟਰ ਗਾਮਾ ਬੀ ਐੱਚ ਸੀ (20 ਈ ਸੀ), 150 ਗ੍ਰਾਮ ਫੁਰਾਡੋਨ (3 ਜੀ) ਦੀ ਮਦਦ ਨਾਲ ਤੂੜੀ ਗਾਲ ਲਈ ਜਾਂਦੀ ਹੈ। ਤੂੜੀ ਨੂੰ ਗਿੱਲਾ ਕਰ ਕੇ ਸਾਰੀਆਂ ਖਾਦਾਂ ਅਤੇ ਕਣਕ ਦਾ ਛਾਣ ਨੂੰ ਰਲਾ ਕੇ ਸਾਰਾ ਮਿਸ਼ਰਣ 5 ਫੁੱਟ ਚੌੜੇ, 5 ਫੁੱਟ ਲੰਮੇ ਅਤੇ 5 ਫੁੱਟ ਉੱਚੇ ਲੱਕੜ ਦੇ ਸਾਂਚੇ ਵਿੱਚ ਜਮਾ ਦਿਉ ਅਤੇ ਵੱਖਰੇ-ਵੱਖਰੇ ਵਕਫੇ 'ਤੇ ਰਸਾਇਣ ਅਤੇ ਤੱਤ ਰਲਾ ਕੇ ਢੇਰੀ ਨੂੰ ਪਲਟੀਆਂ ਦਿਉ। ਇਸ ਤਰੀਕੇ ਨਾਲ 26 ਦਿਨਾਂ ਵਿੱਚ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਨੂੰ ਸੂਖਮ ਜੀਵ ਕੰਟਰੋਲ ਕਰਦੇ ਹਨ। ਇਉਂ ਤਿਆਰ ਮਿਸ਼ਰਣ ਨੂੰ ਕੰਪੋਸਟ ਕਿਹਾ ਜਾਂਦਾ ਹੈ।

**ਵਧੀਆ ਕੰਪੋਸਟ ਦੇ ਗੁਣ**

ਚੰਗੀ ਕਿਸਮ ਦੀ ਕੰਪੋਸਟ ਵਿੱਚ ਇਹ ਗੁਣ ਹੋਣੇ ਚਾਹੀਦੇ ਹਨ :

-ਇਸ ਦਾ ਰੰਗ ਭੂਰਾ ਹੋਣਾ ਚਾਹੀਦਾ ਹੈ।

-ਇਹ ਚੰਗੀ ਤਰ੍ਹਾਂ ਗਲੀ ਹੋਣੀ ਚਾਹੀਦੀ ਹੈ।

-ਇਸ ਵਿੱਚੋਂ ਅਮੋਨੀਆ ਦੀ ਬਦਬੂ ਬਿਲਕੁਲ ਨਹੀਂ ਆਉਣੀ ਚਾਹੀਦੀ।

-ਇਸ ਵਿੱਚ 67 ਤੋਂ 70% ਤੱਕ ਸਲ੍ਹਾਬ ਰਹਿਣੀ ਚਾਹੀਦੀ ਹੈ।

-ਇਸ ਦੀ ਪੀ ਐੱਚ (ਤੇਜ਼ਾਬੀ ਮਾਦਾ) 7.0 ਤੋਂ 8.0 ਤੱਕ ਹੋਣੀ ਚਾਹੀਦੀ ਹੈ।

**ਕੰਪੋਸਟ ਦੀ ਬਿਜਾਈ (ਸਪਾਨ)**

ਸਪਾਨ (ਖੁੰਬਾਂ ਦਾ ਬੀਜ) ਪਾਉਣ ਦੇ ਤਿੰਨ ਤਰੀਕੇ ਹਨ। ਇੱਕ ਤਹਿ ਵਿੱਚ ਬੀਜ ਪਾਉਣਾ, ਦੋ ਤਹਿਆਂ ਵਿੱਚ ਬੀਜ ਪਾਉਣਾ, ਸਪਾਨ ਨੂੰ ਕੰਪੋਸਟ ਵਿੱਚ ਚੰਗੀ ਤਰ੍ਹਾਂ ਰਲਾ ਦੇਣਾ।

ਬਿਜਾਈ ਤੋਂ ਬਾਅਦ ਕੰਪੋਸਟ ਵਿੱਚ ਚਿੱਟਾ ਮਾਈਸੀਲੀਅਮ ਫੈਲਣ ਲਈ ਕਮਰੇ ਦਾ ਤਾਪਮਾਨ 22-25 ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਇਸ ਤਾਪਮਾਨ ਤੇ 15-16 ਦਿਨਾਂ ਵਿੱਚ ਮਾਈਸੀਲੀਅਮ ਪੂਰੀ ਕੰਪੋਸਟ ਵਿੱਚ ਫੈਲ ਜਾਂਦਾ ਹੈ।

**ਕੇਸਿੰਗ**

-ਕੰਪੋਸਟ ਵਿੱਚ ਚਿੱਟਾ ਮਾਈਸੀਲੀਅਮ ਫੈਲਣ ਤੋਂ ਬਾਅਦ ਕੇਸਿੰਗ ਕੀਤੀ ਜਾਂਦੀ ਹੈ। ਕੇਸਿੰਗ ਮਿਸ਼ਰਣ ਹੁੰਦਾ ਹੈ ਜਿਹੜਾ ਸਪਾਨ ਰਲੇ ਕੰਪੋਸਟ ਦੀਆਂ ਟਰੇਆਂ ਨੂੰ ਢਕਣ ਲਈ ਵਰਤਿਆ ਜਾਂਦਾ ਹੈ।

-ਕੇਸਿੰਗ ਮਿੱਟੀ ਕੀਟਾਣੂ ਰਹਿਤ ਕਰਨਾ।

-ਸਾਲ ਪੁਰਾਣੀ ਰੋਹੇ ਦੀ ਰੂੜੀ ਤੇ ਨਾਰੀਅਲ ਦਾ ਬੁਰਾਦਾ (1:1) ਦੇ ਕੇਸਿੰਗ ਮਿਸ਼ਰਣ ਨੂੰ ਕੀਟਾਣੂ ਰਹਿਤ ਕਰਨ ਲਈ 4% ਫਾਰਮਲੀਨ ਦਾ ਘੋਲ ਵਰਤਿਆ ਜਾਂਦਾ ਹੈ।

-20 ਗ੍ਰਾਮ ਪ੍ਰਤੀ ਕੁਇੰਟਲ ਕੇਸਿੰਗ ਦੇ ਹਿਸਾਬ ਨਾਲ ਫੁਰਾਡੋਨ ਵੀ ਪਾ ਲਈ ਜਾਂਦੀ ਹੈ।



-ਦੋ ਕੁਇੰਟਲ ਕੇਸਿੰਗ ਮਿਸ਼ਰਣ ਲਈ 1.25 ਮਿਲੀਲੀਟਰ ਫਾਰਮਲੀਨ ਦੀ ਵਰਤੋਂ ਕੀਤੀ ਜਾਂਦੀ ਹੈ।

-ਟਰੇਆਂ ਢੱਕਣ ਦੀ ਗਿੱਲੀ ਕੇਸਿੰਗ ਵਿੱਚ 4% ਫਾਰਮਲੀਨ ਮਿਲਾ ਦਿੱਤੀ ਜਾਂਦੀ ਹੈ ਅਤੇ ਫਾਰਮਲੀਨ ਰਲੇ ਕੇਸਿੰਗ ਮਿਸ਼ਰਣ ਨੂੰ ਬੋਰੀ ਜਾਂ ਤਰਪਾਲ ਨਾਲ 48 ਘੰਟਿਆਂ ਲਈ ਢੱਕ ਦਿੱਤਾ ਜਾਂਦਾ ਹੈ।

-ਫਿਰ ਇਸ ਨੂੰ ਚੰਗੀ ਤਰ੍ਹਾਂ ਫਰੋਲ ਦੇਣਾ ਚਾਹੀਦਾ ਹੈ ਤਾਂ ਜੋ ਇਸ ਵਿੱਚੋਂ ਫਾਰਮਲੀਨ ਦੀ ਮੁਸ਼ਕ ਉੱਡ ਜਾਵੇ।

ਚੰਗੇ ਕੇਸਿੰਗ ਮਿਸ਼ਰਣ ਦੇ ਮੁੱਖ ਤੱਤ ਹੇਠ ਲਿਖੇ ਹਨ :

-ਇਸ ਵਿੱਚ ਡਲੀਆਂ ਨਾ ਹੋਣ ਅਤੇ ਨਾ ਹੀ ਧੂੜੇ ਵਾਂਗ ਬਰੀਕ ਹੋਵੇ।

-ਇਸ ਵਿੱਚ ਸਿੱਲ ਨੂੰ ਸਾਂਭਣ ਦੀ ਚੰਗੀ ਸਮਰੱਥਾ ਹੋਣੀ ਚਾਹੀਦੀ ਹੈ।

-ਇਸ ਵਿੱਚ ਹਵਾ ਦਾ ਆਦਾਨ-ਪ੍ਰਦਾਨ ਹੋ ਸਕੇ।

-ਇਹ ਭਾਫ ਜਾਂ ਰਸਾਇਣ ਰਾਹੀਂ ਕੀਟਾਣੂ ਰਹਿਤ ਕਰ ਲੈਣੀ ਚਾਹੀਦੀ ਹੈ।

-ਰਸਾਇਣ ਨਾਲ ਕੀਟਾਣੂ ਰਹਿਤ ਕਰਨ ਪਿੱਛੋਂ ਮਿਸ਼ਰਣ ਚੰਗੀ ਤਰ੍ਹਾਂ ਰਲਾ ਲਓ।

**ਹਵਾ ਦਾ ਸੰਚਾਰ ਅਤੇ ਪਾਣੀ ਦਾ ਛਿੜਕਾਅ**

-ਕੰਪੋਸਟ ਨੂੰ ਬੀਜਣ ਤੋਂ ਬਾਅਦ ਹਵਾਦਾਰ ਕਮਰੇ ਵਿੱਚ ਰੱਖਣਾ ਚਾਹੀਦਾ ਹੈ।

-ਕਮਰਾ ਸਾਫ-ਸੁਥਰਾ ਹੋਣਾ ਚਾਹੀਦਾ ਹੈ।

-ਪਾਣੀ ਦਾ ਛਿੜਕਾਅ ਦਿਨ ਵਿੱਚ ਇੱਕ ਜਾਂ ਦੋ ਵਾਰ ਕਰਨਾ ਚਾਹੀਦਾ ਹੈ ਤਾਂ ਜੋ ਨਮੀ ਬਰਕਰਾਰ ਰਹੇ।

-ਫ਼ਸਲ ਬੀਜਣ ਤੋਂ ਬਾਅਦ ਪਾਣੀ ਦੇ ਛਿੜਕਾਅ ਦੀ ਮਾਤਰਾ 20-40% ਵਧਾ ਦੇਣੀ ਚਾਹੀਦੀ ਹੈ।

**ਖੁੰਬਾਂ ਦਾ ਫੁਟਣਾ ਅਤੇ ਗੁਡਾਈ**

-ਕੇਸਿੰਗ ਕਰਨ ਤੋਂ ਲਗਭਗ 10-12 ਦਿਨਾਂ ਬਾਅਦ ਖੁੰਬਾਂ ਦੇ ਛੋਟੇ-ਛੋਟੇ ਕਿਣਕੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ ਜਿਹੜੇ ਚਾਰ ਤੋਂ ਪੰਜ ਦਿਨਾਂ ਵਿੱਚ ਛੋਟੇ ਬਟਨ ਬਣ ਜਾਂਦੇ ਹਨ।

-ਅਗਲੇ 4-5 ਦਿਨਾਂ ਵਿੱਚ ਪੁੱਟਣ ਯੋਗ ਹੋ ਜਾਂਦੇ ਹਨ।

-ਬਿਜਾਈ ਤੋਂ 30-35 ਦਿਨਾਂ ਬਾਅਦ ਖੁੰਬ ਤੁੜਾਈ ਲਈ ਤਿਆਰ ਹੋ ਜਾਂਦੀ ਹੈ।

-ਖੁੰਬਾਂ 50-60 ਦਿਨ ਲਗਾਤਾਰ ਤੋੜੀਆਂ ਜਾਂਦੀਆਂ ਹਨ।

**ਢੀਂਗਰੀ ਖੁੰਬ ਦੀ ਕਾਸ਼ਤ**

ਢੀਂਗਰੀ ਖੁੰਬ ਦੀ ਕਾਸ਼ਤ ਲਈ ਮੁੱਖ ਪੜਾਅ ਹਨ :

-ਕੱਚੇ ਮਾਲ ਦੀ ਤਿਆਰੀ।

-ਤੂੜੀ ਜਾਂ ਕੁਤਰੀ ਹੋਈ ਪਰਾਲੀ ਨੂੰ ਪੱਕੇ ਫ਼ਰਸ਼ 'ਤੇ ਵਿੱਛਾ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਚੰਗੀ ਤਰ੍ਹਾਂ 16-20 ਘੰਟੇ ਲਈ ਸਾਫ਼ ਪਾਣੀ ਨਾਲ ਗਿੱਲਾ ਕਰ ਦਿੱਤਾ ਜਾਂਦਾ ਹੈ ਤਾਂ ਕਿ ਤੂੜੀ ਜਾਂ ਪਰਾਲੀ ਦੇ ਵਿੱਚ 70-75% ਨਮੀ ਆ ਜਾਵੇ।

**ਕਿਨਾਰੇ ਭਰਨੇ ਤੇ ਬੀਜਣੇ** : ਪੋਲੀਥੀਨ ਦੇ ਲਿਫ਼ਾਫ਼ੇ ਅਲੱਗ-ਅਲੱਗ ਆਕਾਰਾਂ ਦੇ ਤੂੜੀ ਜਾਂ ਪਰਾਲੀ ਨੂੰ ਭਰਨ ਲਈ ਵਰਤੇ ਜਾ ਸਕਦੇ ਹਨ। 10% ਸੁੱਕੀ ਤੂੜੀ ਦੇ ਹਿਸਾਬ ਨਾਲ ਸਪਾਨ (ਖੁੰਬਾਂ ਦਾ ਬੀਜ) ਗਿੱਲੀ ਤੂੜੀ ਵਿੱਚ ਰਲਾ ਕੇ ਲਿਫ਼ਾਫ਼ਿਆਂ ਵਿੱਚ ਭਰ ਕੇ ਸੇਬੇ ਨਾਲ ਬੰਨ੍ਹ ਦਿੱਤਾ ਜਾਂਦਾ ਹੈ।

**ਪਾਣੀ ਪਾਉਣਾ** : ਜਦੋਂ ਲਿਫ਼ਾਫ਼ਿਆਂ ਵਿੱਚ ਸਪਾਨ ਪੂਰੀ ਤਰ੍ਹਾਂ ਫੈਲ ਜਾਵੇ, ਉਸ ਸਮੇਂ ਲਿਫ਼ਾਫ਼ੇ ਕੱਟ ਦੇਣੇ ਹਨ ਅਤੇ ਛੋਟੀ ਢੀਂਗਰੀ ਦਿਸਣ ਤੋਂ ਬਾਅਦ ਉਸ ਨੂੰ ਪਾਣੀ ਲਗਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

**ਫ਼ਸਲ ਪੱਕਣੀ** : ਬੀਜਣ ਤੋਂ ਚਾਰ ਹਫ਼ਤਿਆਂ ਬਾਅਦ ਛੋਟੀ-ਛੋਟੀ ਢੀਂਗਰੀ ਦਿਸਣੀ ਸ਼ੁਰੂ ਹੋ ਜਾਂਦੀ ਹੈ ਅਤੇ 2-3 ਦਿਨਾਂ ਬਾਅਦ ਫ਼ਸਲ ਤੁੜਾਈ ਲਈ ਤਿਆਰ ਹੋ ਜਾਂਦੀ ਹੈ। ਢੀਂਗਰੀ ਦੀ ਫ਼ਸਲ ਉਸ ਵਕਤ ਕੱਟੀ ਜਾਂਦੀ ਹੈ ਜਦੋਂ ਉਸ ਦੇ ਕਿਨਾਰੇ ਅੰਦਰ ਵੱਲ ਮੁੜਨੇ ਸ਼ੁਰੂ ਹੋ ਜਾਂਦੇ ਹਨ।

**ਪੰਜਾਬ ਵਿੱਚ ਖੁੰਬਾਂ ਦੀ ਕਾਸ਼ਤ ਦੀ ਸੰਭਾਵਨਾਵਾਂ ਅਤੇ ਲਾਭ**

-ਪੰਜਾਬ ਵਿੱਚ ਕਣਕ ਝੋਨੇ ਦਾ ਫ਼ਸਲੀ ਚੱਕਰ ਪ੍ਰਚਲਿਤ ਹੋਣ ਕਾਰਨ ਇੱਥੇ ਖੁੰਬਾਂ ਦੀ ਕਾਸ਼ਤ ਲਈ ਲੋੜੀਂਦਾ ਕੱਚਾ ਮਾਲ ਜਿਵੇਂ ਤੂੜੀ, ਪਰਾਲੀ ਤੇ ਖਾਦਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ।

-ਖੁੰਬਾਂ ਦੀ ਕਾਸ਼ਤ ਸਾਰਾ ਸਾਲ ਕੀਤੀ ਜਾ ਸਕਦੀ ਹੈ ਜਿਸ ਨਾਲ ਆਮਦਨ ਵਧਾਉਣ ਵਿੱਚ ਇਹ ਧੰਦਾ ਕਾਫ਼ੀ ਲਾਹੇਵੰਦ ਸਾਬਿਤ ਹੋ ਸਕਦਾ ਹੈ।

-ਇਸ ਨਾਲ ਕਿਸਾਨਾਂ ਨੂੰ ਸਰਦੀਆਂ ਵਿੱਚ ਜਦੋਂ ਵਾਹੀ ਦਾ ਕੰਮ ਘੱਟ ਹੁੰਦਾ ਹੈ, ਉਸ ਵੇਲੇ ਆਮਦਨ ਵਾਲੀ ਇੱਕ ਹੋਰ ਫ਼ਸਲ ਮਿਲ ਜਾਵੇਗੀ।

-ਰੁਜ਼ਗਾਰ ਦੇ ਵੀ ਵਧੀਆ ਮੌਕੇ ਪੈਦਾ ਹੋ ਸਕਦੇ ਹਨ।

**ਸਰਦੀ ਰੁੱਤ ਦੀਆਂ ਖੁੰਬਾਂ ਲਈ ਜ਼ਰੂਰੀ ਨੁਕਤੇ**

# ਇੱਕ ਸੀ ਪ੍ਰੋਫ਼ੈਸਰ ਭੱਲਾ



ਕਲਾਕਾਰ ਜਸਵਿੰਦਰ ਭੱਲਾ ਸਾਹਿਬ ਦੇ ਅਕਾਲ ਚਲਾਣੇ ਉੱਤੇ ਜਿਸ ਤਰ੍ਹਾਂ ਉਸਦੇ ਦਰਸ਼ਕਾਂ ਨੇ ਅਫ਼ਸੋਸ ਦਾ ਇਜਹਾਰ ਕੀਤਾ ਅਜਿਹਾ ਬਹੁਤ ਘੱਟ ਵਿਅਕਤੀਆਂ ਨੂੰ ਨਸੀਬ ਹੁੰਦਾ ਹੈ। ਜਿਤਨਾ ਉਸ ਲੋਕਾਂ



ਡਾ. ਰਣਜੀਤ ਸਿੰਘ

ਨੂੰ ਹਸਾਇਆ ਸੀ, ਜਾਣ ਸਮੇਂ ਉਤਨਾ ਹੀ ਰੁਆ ਕੇ ਗਿਆ ਹੈ। ਉਸ ਦੇ ਜੀਵਨ ਦਾ ਦੂਸਰਾ ਪੱਖ ਜਿਹੜਾ ਕਿ ਉਸ ਦਾ ਕੈਰੀਅਰ ਸੀ ਤੇ ਜਿਸ ਨੂੰ ਉਸ ਨੇ ਬੜੀ ਸਫ਼ਲਤਾ ਨਾਲ ਨਿਭਾਇਆ, ਉਹ ਸੀ ਪ੍ਰੋਫ਼ੈਸਰ ਭੱਲਾ। ਕਈ ਫ਼ਿਲਮਾਂ ਵਿੱਚ ਉਸ ਬਤੌਰ ਪ੍ਰੋਫ਼ੈਸਰ ਭੱਲਾ ਕੰਮ ਕੀਤਾ, ਪਰ ਉਹ ਲੋਕਾਂ ਨੂੰ ਹਸਾਉਣ ਤੱਕ ਹੀ ਸੀਮਤ ਸੀ ਪਰ ਅਸਲੀ ਜੀਵਨ ਵਿੱਚ ਜਿਹੜਾ ਉਸ ਪ੍ਰੋਫ਼ੈਸਰ ਦਾ ਰੋਲ ਅਦਾ ਕੀਤਾ ਉਹ ਆਪਣੇ ਵਿੱਚ ਸਫ਼ਲ ਹੀ ਨਹੀਂ, ਸਗੋਂ ਵਿਲੱਖਣ ਵੀ ਸੀ। ਉਹ ਸਾਡਾ ਵਿਦਿਆਰਥੀ ਵੀ ਰਿਹਾ ਅਤੇ ਸਾਥੀ ਵੀ ਰਿਹਾ, ਇਸ ਕਰਕੇ ਉਸ ਨੂੰ ਨੇੜਿਉਂ ਵੇਖਣ ਦਾ ਮੌਕਾ ਮਿਲਿਆ। ਉਸ ਦੀ ਸੇਵਾ-ਮੁਕਤੀ ਪ੍ਰੋਫ਼ੈਸਰ ਅਤੇ ਆਪਣੇ ਵਿਭਾਗ ਦੇ ਬਤੌਰ ਮੁੱਖੀ ਵਜੋਂ ਹੋਈ ਜਿਹੜੀ ਬਹੁਤ ਘੱਟ ਪ੍ਰੋਫ਼ੈਸਰਾਂ ਨੂੰ ਨਸੀਬ ਹੁੰਦੀ ਹੈ। ਜਦੋਂ ਉਸ ਦੀ ਬਤੌਰ ਮੁੱਖੀ ਟਰਮ ਪੂਰੀ ਹੋਈ ਤਾਂ ਅਜੇ ਉਸ ਦੀ ਸੇਵਾ ਮੁਕਤੀ ਵਿੱਚ ਕੁਝ ਮਹੀਨੇ ਰਹਿੰਦੇ ਸਨ। ਯੂਨੀਵਰਸਿਟੀ ਨੇ ਉਸ ਦੀ ਵਧੀਆ ਕਾਰਗੁਜ਼ਾਰੀ ਨੂੰ ਵੇਖਦਿਆਂ ਹੋਇਆਂ ਬਤੌਰ ਮੁਖੀ ਉਸ ਦੇ ਸੇਵਾ ਕਾਲ ਵਿੱਚ ਵਾਧਾ ਕੀਤਾ ਤਾਂ ਜੋ ਉਹ ਬਤੌਰ ਮੁਖੀ ਸੇਵਾ-ਮੁਕਤ ਹੋ ਸਕੇ। ਇਹੋ ਜਿਹੀ ਪ੍ਰਾਪਤੀ ਹੀ ਕਿਸੇ-ਕਿਸੇ ਨੂੰ ਹੀ ਨਸੀਬ ਹੁੰਦੀ ਹੈ। ਜਦੋਂ ਉਹ ਆਪਣੇ ਦਫ਼ਤਰ ਕੁਰਸੀ ਤੇ ਬੈਠਾ ਹੁੰਦਾ ਸੀ ਤਾਂ ਉਹ ਹਾਸਿਆਂ ਦਾ ਬਾਦਸ਼ਾਹ ਨਹੀਂ, ਸਗੋਂ ਇੱਕ ਸੰਜੀਦਾ ਅਤੇ ਹਲੀਮੀ ਨਾਲ ਗੱਲ ਕਰਨ ਵਾਲਾ ਪ੍ਰੋਫ਼ੈਸਰ ਭੱਲਾ ਬਣ ਜਾਂਦਾ ਸੀ। ਮਸ਼ਹੂਰੀ ਦੇ ਸਿਖਰ ਤੇ ਪੁੱਜਿਆ, ਮਰਸੀਡੀਜ਼ ਕਾਰ ਵਿੱਚ ਆਉਣ ਵਾਲੇ ਇਸ ਅਧਿਆਪਕ ਵਿੱਚ ਹਊਮੈ ਨੇੜੇ ਵੀ ਨਹੀਂ ਸੀ। ਉਹ ਹਮੇਸ਼ਾਂ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿੰਦਾ ਸੀ। ਇੱਕ ਮਿਸਾਲ ਵਜੋਂ ਮੈਂ ਇੱਕ ਘਟਨਾ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਭੱਲੇ ਦਾ ਸਾਥੀ ਬਾਲ ਮੁਕੰਦ ਸ਼ਰਮਾ ਮਾਰਕਫੈਡ ਵਿੱਚ ਇੱਕ ਉੱਚੇ ਅਹੁਦੇ ਉੱਤੇ ਸੀ। ਉਸ ਦੂਰਦਰਸ਼ਨ ਜਲੰਧਰ ਅਤੇ ਰੇਡੀਓ ਤੋਂ ਇੱਕ ਹਫਤਾਵਾਰੀ ਵਿਸ਼ੇਸ਼ ਪ੍ਰੋਗਰਾਮ ਖੇਤੀਬਾੜੀ ਸ਼ੁਰੂ ਕੀਤਾ। ਉਸ ਵਿੱਚ ਇਸ ਹਫ਼ਤੇ ਦੀਆਂ ਖੇਤੀ ਸਰਗਰਮੀਆਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਲਿਖਣ ਦੀ ਜ਼ੁੰਮੇਵਾਰੀ ਮੇਰੀ ਲੱਗੀ ਅਤੇ ਪੇਸ਼ਕਾਰੀ ਡਾ. ਭੱਲਾ ਦੇ ਜ਼ੁੰਮੇ ਸੀ। ਇਸੇ ਸਿਲਸਿਲੇ ਵਿੱਚ ਇੱਕ ਦਿਨ ਮੈਂ ਉਸ ਦੇ ਦਫ਼ਤਰ ਬੈਠਾ ਸਾਂ, ਜਿਸ ਨੂੰ ਉਸ ਪੱਲਿਉਂ ਪੈਸੇ ਖਰਚ ਕੇ ਵਧੀਆ ਸਜਾਇਆ ਸੀ। ਇੱਕ ਬੀਬੀ ਆਪਣੇ ਬੇਟੇ ਨੂੰ ਲੈ ਕੇ ਉਨ੍ਹਾਂ ਨੂੰ ਮਿਲਣ ਆਈ। ਸੇਵਾਦਾਰ ਨੇ ਜਦੋਂ



ਸੂਚਨਾ ਦਿੱਤੀ ਤਾਂ ਉਨ੍ਹਾਂ ਨੂੰ ਅੰਦਰ ਬੁਲਾ ਲਿਆ। ਭੱਲਾ ਸਾਹਿਬ ਨੇ ਬੜੇ ਸਲੀਕੇ ਨਾਲ ਪੁੱਛਿਆ ਕਿ ਕਿਵੇਂ ਆਏ ਹੋ, ਉਸ ਦੇ ਪ੍ਰਸ਼ੰਸਕ ਆਉਂਦੇ ਹੀ ਰਹਿੰਦੇ ਸਨ। ਬੀਬੀ ਜੀ ਨੇ ਕਿਸੇ ਲੀਡਰ ਦਾ ਨਾਮ ਲੈ ਕੇ ਆਖਿਆ, ਕਿ ਉਨ੍ਹਾਂ ਨੇ ਸਾਨੂੰ ਤੁਹਾਡੇ ਕੋਲ ਭੇਜਿਆ ਹੈ। ਭੱਲਾ ਸਾਹਿਬ ਆਖਣ ਲੱਗੇ, ''ਤੁਸੀਂ ਦੱਸੋ ਮੈਂ ਕੀ ਸੇਵਾ ਕਰ ਸਕਦਾ ਹਾਂ।'' ਬੀਬੀ ਨੇ ਦੱਸਿਆ ਕਿ ਮੇਰੇ ਮੁੰਡੇ ਨੇ ਇਥੇ ਫੂਡ ਤਕਨਾਲੋਜੀ ਵਿੱਚ ਦਾਖ਼ਲਾ ਲਿਆ ਹੈ। ਅੱਜ ਫੀਸ ਦੇਣ ਦਾ ਆਖ਼ਰੀ ਦਿਨ ਹੈ। ਉਸ ਆਪਣੀ ਘਰੇਗੀ ਮਜ਼ਬੂਰੀ ਦੱਸੀ ਤੇ ਬੇਨਤੀ ਕੀਤੀ ਕਿ ਜੇਕਰ ਹੋ ਸਕੇ ਤਾਂ ਫੀਸ ਵਿੱਚ ਕੁਝ ਛੋਟ ਦਿਲਵਾ ਦੇਵੋ। ਉਸ ਨੇ ਆਪਣੇ ਸਹਾਇਕ ਨੂੰ ਬੁਲਾਇਆ ਤੇ ਇਸ ਬਾਰੇ ਪਤਾ ਕਰਨ ਲਈ ਭੇਜਿਆ। ਆਪਣੇ ਸਹਾਇਕ ਨੂੰ ਠੰਡਾ ਪਿਲਾਉਣ ਦਾ ਇਸ਼ਾਰਾ ਕੀਤਾ। ਸਹਾਇਕ ਨੇ ਆ ਕੇ ਦੱਸਿਆ ਕਿ ਇਹ ਪੇਡ ਸੀਟਾਂ ਹਨ ਇਸ ਕਰਕੇ ਕਿਸੇ ਵੀ ਛੋਟ ਦੀ ਗੁੰਜਾਇਸ਼ ਨਹੀਂ ਹੈ। ਭੱਲੇ ਨੇ ਬੀਬੀ ਨੂੰ ਆਖਿਆ ਕਿਤਨੇ ਪੈਸੇ ਘਟਦੇ ਹਨ। ਉਸ ਦਸ ਹਜ਼ਾਰ ਦੱਸਿਆ। ਭੱਲਾ ਸਾਹਿਬ ਨੇ ਆਪਣੇ ਦਰਾਜ ਵਿੱਚੋਂ ਚੈਕਬੁੱਕ ਕੱਢੀ ਤੇ ਦਸ ਹਜ਼ਾਰ ਦਾ ਚੈਕ ਕੱਟ ਕੇ ਬੀਬੀ ਨੂੰ ਫੜਾਇਆ। ਆਖਿਆ ਜਾਵੋ ਫੀਸ ਜਮ੍ਹਾ ਕਰਵਾ ਦੇਵੋ। ਬੀਬੀ ਦੇ ਅੱਖਾਂ ਵਿੱਚ ਅੱਥਰੂ ਸਨ ਤੇ ਧੰਨਵਾਦ ਵਿੱਚ ਹੱਥ ਜੁੜੇ ਹੋਏ ਸਨ। ਉਨ੍ਹਾਂ ਦੇ ਜਾਣ ਪਿੱਛੋਂ ਮੈਂ ਪੁੱਛਿਆ ਕਿ ਕਿਸ ਬੰਦੇ ਦਾ ਨਾਮ ਲੈ ਰਹੀ ਸੀ ਤੂੰ ਉਸ ਨੂੰ ਜਾਣਦਾ ਸੀ। ਉਸ ਦਾ ਉੱਤਰ ਸੀ ਕਿ ਇਹ ਨਾਮ ਤਾਂ ਮੈਂ ਪਹਿਲੀ ਵਾਰ ਸੁਣਿਆ ਹੈ।

ਉਹ ਖੇਤੀ ਵਿਗਿਆਨ ਪਸਾਰ ਅਤੇ ਸੰਚਾਰ ਦਾ ਮਾਹਿਰ ਸੀ ਤੇ ਉਸ ਦੀ ਕੀਰਤੀ ਭਾਰਤ ਸਰਕਾਰ ਤੱਕ ਪਹੁੰਚ ਚੁੱਕੀ ਸੀ। ਮੈਨੂੰ ਇੱਕ ਸਨਮਾਨ ਦੇ ਸਿਲਸਿਲੇ ਵਿੱਚ ਦਿੱਲੀ ਵਿਗਿਆਨ ਅਤੇ ਤਕਨਾਲੋਜੀ ਮਨਿਸਟਰੀ ਵਿੱਚ ਮੰਤਰੀ ਨੂੰ ਮਿਲਣ ਦਾ ਮੌਕਾ ਮਿਲਿਆ। ਉੱਥੋਂ ਦਾ ਡਾਇਰੈਕਟਰ ਪੰਜਾਬੀ ਸੀ। ਜਿਸ ਦੇ ਪਿਤਾ ਅਤੇ ਉਹ ਮੇਰੇ ਪਾਠਕ ਰਹੇ ਸਨ। ਉਸ ਆਖਿਆ, ਅਸੀਂ ਤੁਹਾਡੇ ਡਾ. ਭੱਲਾ ਨੂੰ ਖੋਜ ਪ੍ਰਜੈਕਟ ਮਨਜ਼ੂਰੀ ਕਮੇਟੀ ਦਾ ਮੈਂਬਰ ਬਣਾਇਆ ਹੈ, ਇਸ ਦਾ ਲਾਭ ਉਠਾਵੋ। ਭੱਲਾ ਸਾਹਿਬ ਨੇ ਆਪਣੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਤੋਂ ਖੋਜ ਪ੍ਰਜੈਕਟ ਤਿਆਰ ਕਰਵਾਏ ਅਤੇ ਲੱਖਾਂ ਦੇ ਪ੍ਰਜੈਕਟ ਮੰਨਜ਼ੂਰ ਕਰਵਾਏ। ਉਸ ਦੀ ਬਾਣੀ ਵਿੱਚ ਹਲੀਮੀ ਤੇ ਕਹਿਣ ਦਾ ਅੰਦਾਜ਼ ਅਜਿਹਾ ਸੀ ਕਿ ਨਾਂਹ ਕੀਤੀ ਹੀ ਨਹੀਂ ਸੀ ਜਾ ਸਕਦੀ। ਮੈਂ ਇਨ੍ਹਾਂ ਦੇ ਵਿਭਾਗ ਵਿੱਚ ਇੱਕ ਪੀਐਚਡੀ ਦਾ ਇਮਤਿਹਾਨ ਲੈਣ ਜਾਣਾ ਸੀ ਜਿਸ ਦਾ ਸਮਾਂ ਤਿੰਨ ਵਜੇ ਰੱਖਿਆ ਗਿਆ ਸੀ ਕਿਉਂਕਿ ਪਹਿਲਾਂ ਮੈਂ ਆਪਣਾ ਕੋਈ ਜ਼ਰੂਰੀ ਕੰਮ ਕਰਨਾ ਸੀ। ਇਸ ਦਾ ਮੈਨੂੰ ਡੇਢ ਵਜੇ ਫੋਨ ਆਇਆ ਆਖਣ ਲੱਗਾ, ''ਸਰ ਜੀ ਤੁਸੀਂ ਦੋ ਵਜੇ ਨਹੀਂ ਆ ਸਕਦੇ। ਮੈਨੂੰ ਇੱਕ ਜ਼ਰੂਰੀ ਕੰਮ ਆ ਗਿਆ ਮੈਂ ਜਲਦੀ ਜਾਣਾ।'' ਮੇਰਾ ਉੱਤਰ ਸੀ, ''ਭੱਲਾ ਸਾਹਿਬ ਮੈਂ ਆਪ ਕਿਸੇ ਕੰਮ ਵਿੱਚ ਉਲਝਿਆ ਹੋਇਆ ਹਾਂ, ਇਸ ਕਰਕੇ ਆਉਣਾ ਮੁਸ਼ਕਿਲ ਹੈ।'' ਅੱਗੋਂ ਉਸ ਕਿਹਾ ਪਲੀਜ਼ ਕਿਸੇ ਵੀ ਤਰ੍ਹਾਂ ਅਡਜਸਟ ਕਰੋ ਮੇਰੀ ਪਰਸਨਲ ਰੀਕੁਐਸਟ ਆ।'' ਮੈਨੂੰ ਹਾਂ ਕਰਨੀ ਪਈ ਹਾਲਾਂਕਿ ਮੈਂ ਜੋ ਕਰ ਰਿਹਾ ਸੀ ਉੱਥੇ ਨਾਰਾਜ਼ਗੀ ਛੱਡਣੀ ਪਈ।

ਉਹ ਜਦੋਂ ਕਿਸਾਨਾਂ ਨਾਲ ਗੱਲਬਾਤ ਕਰਦਾ ਸੀ ਤਾਂ ਖੇਤੀ ਮਾਹਿਰਾਂ ਦੇ ਨਾਲ ਕਲਾਕਾਰ ਭੱਲਾ ਵੀ ਰਲ ਜਾਂਦਾ ਸੀ ਇੰਝ ਉਸ ਦਾ ਲੈਕਚਰ ਬਹੁਤ ਹੀ ਪ੍ਰਭਾਵਸ਼ਾਲੀ ਹੋ ਜਾਂਦਾ ਸੀ। ਪਿੰਡਾਂ ਵਿੱਚ ਉਹ ਆਪਣੀਆਂ ਫ਼ਿਲਮਾਂ ਲਈ ਵੀ ਮਸਾਲਾ ਲੱਭ ਲੈਂਦਾ ਸੀ। ਮੇਰੀ ਇੱਕ ਮੀਟਿੰਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸੀ। ਮੀਟਿੰਗ ਪਿੱਛੋਂ ਮੈਂ ਸੋਚਿਆ ਤਰਨਤਾਰਨ ਲਾਗੇ ਸਾਡਾ ਇੱਕ ਅਗਾਂਹਵਧੂ ਡੇਅਰੀ ਫਾਰਮਰ ਰਹਿੰਦਾ ਹੈ ਉਸ ਨੂੰ ਮਿਲਿਆ ਜਾਵੇ। ਉਸ ਤੋਂ ਪਤਾ ਚੱਲਿਆ ਕਿ ਕਲ ਭੱਲਾ ਸਾਹਿਬ ਵੀ ਆਏ ਸਨ। ਮੀਟਿੰਗ ਖ਼ਤਮ ਹੋਣ ਪਿੱਛੋਂ ਉਸਨੇ ਸਾਨੂੰ ਚੁਟਕਲੇ ਸੁਣਾਉਣ ਲਈ ਆਖਿਆ ਅਤੇ ਹਰੇਕ ਚੁਟਕਲੇ ਲਈ ਪੰਜਾਹ ਰੁਪਏ ਦੇ ਕੇ ਗਏ ਹਨ। ਮੈਨੂੰ ਯਾਦ ਆਇਆ ਕਿ ਇੱਕ ਵਾਰ ਲੋਹੜੀ ਦੇ ਸਮਾਗਮ ਵਿੱਚ ਅਸੀਂ ਵੀ ਕੁਝ ਚੁਟਕਲੇ ਸੁਣਾਏ ਸਨ, ਜਿਹੜੇ ਉਸ ਅਗਲੀ ਕੈਸਿਟ ਵਿੱਚ ਵਰਤ ਲਏ ਸਨ। ਉਹ ਆਪਣੀ ਲਗਭਗ ਹਰ ਫ਼ਿਲਮ ਵਿੱਚ ਜੀਵਨ ਦੀ ਕਿਸੇ ਨਾ ਕਿਸੇ ਸੱਚਾਈ ਆਧਾਰਿਤ ਪੰਚ ਬਣਾ ਲੈਂਦਾ ਸੀ। ਉਸ ਦਾ ਇੱਕ ਮੁਹਾਵਰਾ ਮੈਂ ਅਕਸਰ ਆਪਣੇ ਭਾਸ਼ਣਾਂ ਵਿੱਚ ਵਰਤਦਾ ਹਾਂ। ਉਸ ਦੀ ਹਲੀਮੀ ਅਤੇ ਵਡੱਪਣ ਦੀ ਇੱਕ ਹੋਰ ਮਿਸਾਲ ਦਿੰਦਾ ਹਾਂ। ਇੱਕ ਵਾਰ ਉਸ ਮੇਰੀ ਆਪਣੇ ਕਿਸੇ ਦੋਸਤ ਨਾਲ ਜਾਣ ਪਹਿਚਾਣ ਕਰਵਾਉਂਦਿਆਂ ਆਖਿਆ ਸੀ, ''ਇਹ ਸਾਡੇ ਗੁਰੂ ਹਨ, ਇਨ੍ਹਾਂ ਦੀ ਕਿਤਾਬ ਪੜ੍ਹ ਅਸੀਂ ਪੜ੍ਹਾਈ ਕੀਤੀ ਤੇ ਹੁਣ ਉਸੇ ਕਿਤਾਬ ਦੀ ਸਹਾਇਤਾ ਨਾਲ ਆਪ ਪੜ੍ਹਾ ਰਹੇ ਹਾਂ।''

''ਪੈਰ ਦੀ ਮੋਚ ਅਤੇ ਭੈੜੀ ਸੋਚ ਬੰਦੇ ਨੂੰ ਕਦੇ ਵੀ ਅੱਗੇ ਵਧਣ ਨਹੀਂ ਦਿੰਦੀ।'' ਉਸ ਨੇ ਕਦੇ ਵੀ ਆਪਣੇ ਅੰਦਰ ਭੈੜੀ ਸੋਚ ਨੂੰ ਜਨਮ ਨਹੀਂ ਲੈਣ ਦਿੱਤਾ। ਉਸ ਦੀਆਂ ਯਾਦਾਂ ਤੁਹਾਡੇ ਸਾਰਿਆਂ ਕੋਲ ਹੀ ਬਹੁਤ ਹਨ। ਮੇਰੇ ਕੋਲ ਵੀ ਹਨ। ਉਸ ਨੂੰ ਯਾਦ ਕਰਦਿਆਂ ਹਮੇਸ਼ਾਂ ਯਾਦ ਰੱਖੀਏ ਕਿ ਬੱਚੇ ਦੇ ਕਰਮ ਹੀ ਪਿੱਛੇ ਰਹਿ ਜਾਂਦੇ ਹਨ ਜਿਹੜੇ ਉਸ ਨੂੰ ਸਿਖਰਾਂ ਉੱਤੇ ਪਹੁੰਚਾਂਦੇ ਹਨ।

# ਪੰਜਾਬੀਆਂ ਦੇ ਵਿਹੜੇ ਵਿੱਚ ਪਰਛਾਵੇਂ ਵਾਂਗੂ ਨਾਲ ਰਹਿਣ ਵਾਲੇ ਚਿੜੀ ਤੇ ਕਾਂ ਅਲੋਪ ਹੋਣ ਕੰਢੇ

## ਪੰਜਾਬ ਵਿੱਚ ਪੰਛੀਆਂ ਦੀ ਚਿੰਤਾਜਨਕ ਘਟਦੀ ਗਿਣਤੀ ਦੇ ਬਾਵਜੂਦ ਜ਼ਿੰਮੇਵਾਰ ਵਿਭਾਗ ਬੇਪਰਵਾਹ

ਹਰੇ ਭਰੇ ਖੇਤਾਂ ਵਾਲੇ ਪੰਜਾਬੀਆਂ ਦੇ ਵਿਹੜੇ ਅਤੇ ਚੌਂਕੇ ਵਿੱਚ ਜਿਹੜੀ ਚਿੜੀ ਅਤੇ ਕਾਂ ਪਰਛਾਵੇਂ ਵਾਂਗੂ ਨਾਲ ਰਹਿੰਦੇ ਸਨ ਅੱਜ ਵਿਕਾਸ ਦੇ ਦੌਰ ਵਿੱਚ ਬਦਲੀ ਜੀਵਨ ਸ਼ੈਲੀ ਤੋਂ ਬਾਅਦ ਭਾਲਿਆਂ ਵੀ ਲੱਭਣੇ ਨਹੀਂ। ਮਨੁੱਖ ਅਤੇ ਪ੍ਰਕਿਰਤੀ ਵਿਚਕਾਰ ਕਮਜ਼ੋਰ ਹੋ ਰਹੇ ਰਿਸ਼ਤੇ ਕਾਰਨ ਪੰਜਾਬ ਵਿੱਚ ਵੀ ਆਮ ਮਿਲਣ ਵਾਲੇ ਪੰਛੀ ਵੀ ਹੁਣ ਅਲੋਪ ਹੋਣ ਦੀ ਕਗਾਰ ਵੱਲ ਉਡਾਰੀ ਭਰ ਰਹੇ ਹਨ। ਜਿਹੜੀ ਚਿੜੀ, ਕਾਂ, ਇੱਲ ਜਾਂ ਹੋਰ ਆਜ਼ਾਦ ਰਹਿੰਦੇ ਪੰਛੀ ਸਾਡੇ ਆਲੇ-ਦੁਆਲੇ ਆਮ ਦਿਸਦੇ ਸਨ, ਉਹ ਕੀਟਨਾਸ਼ਕਾਂ ਦੀ ਵਰਤੋਂ ਪਾਣੀ ਦੀ ਕਮੀ, ਪੱਕੇ ਹੁੰਦੇ ਬਸੇਰਿਆਂ ਕਾਰਨ ਸਾਡੀ ਜ਼ਿੰਦਗੀ ਵਿੱਚ 1990 ਤੋਂ ਬਾਅਦ ਤੇਜ਼ੀ ਨਾਲ ਲਗਭਗ ਅਲੋਪ ਹੋ ਗਏ ਹਨ। ਚਿੜੀ (ਕੱਕੀ) ਜੋ ਕੱਚੇ ਘਰਾਂ ਦੀਆਂ ਬਾਲਿਆਂ ਵਾਲੀਆਂ ਛੱਤਾਂ 'ਤੇ ਖੁੱਲ੍ਹੇ ਚੌਕਿਆਂ, ਵਿਹੜਿਆਂ ਤੇ ਹਰੇ ਭਰੇ ਦਰੱਖਤਾਂ ਵਿੱਚ ਹੀ ਰਹਿੰਦੀ ਸੀ ਪਰ ਬਦਲੇ ਦੌਰ ਵਿੱਚ ਚਿੜੀ ਦੇ ਨਾਲ ਬਹੁਤ ਸਾਰੇ ਪੰਛੀਆਂ ਦੀ ਗਿਣਤੀ ਤੇਜ਼ੀ ਨਾਲ ਘੱਟ ਰਹੀ ਹੈ। ਉਪਰੋਕਤ ਆਜ਼ਾਦ ਪੰਛੀਆਂ ਦੇ ਵਰਗਾਂ ਤੋਂ ਇਲਾਵਾ ਉਹ ਪੰਛੀ ਜੋ ਮੌਸਮ ਦੇ ਹਿਸਾਬ ਨਾਲ ਬਾਹਰੋਂ ਪ੍ਰਵਾਸ ਕਰਕੇ ਸਾਡੇ ਪੰਜਾਬ ਵਿੱਚ ਆਉਂਦੇ ਹਨ, ਦੀ ਗਿਣਤੀ ਤੇਜ਼ੀ ਨਾਲ ਘਟਦੇ ਕ੍ਰਮ ਵਿੱਚ ਦਰਜ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਕੁੱਲ 6 ਵੈਂਟਲੈਂਡ ਹਨ। ਇਨ੍ਹਾਂ ਸਾਰੀਆਂ 'ਤੇ ਪੰਛੀਆਂ ਦੀ ਜੋ ਹਾਜ਼ਰੀ 2021-22 ਵਿੱਚ 95,928 ਦਰਜ ਕੀਤੀ ਗਈ ਸੀ, ਉਹ ਸਾਲ 2023-24 ਵਿੱਚ ਘਟ ਕੇ 74,129 ਰਹਿ ਗਈ ਹੈ। ਪੰਜਾਬ ਦੇ ਹਰੀਕੇ ਝੀਲ ਜੋ ਉੱਤਰੀ ਭਾਰਤ ਦੀ ਸਭ ਤੋਂ ਵੱਡੀ ਪੰਛੀਆਂ ਦੀ ਰੱਖ ਹੈ, ਵਿੱਚ ਇਨ੍ਹਾਂ ਦੀ ਗਿਣਤੀ ਵਿੱਚ ਘਾਟਾ ਦਰਜ ਕੀਤਾ ਗਿਆ ਹੈ। ਅੰਕੜਿਆਂ ਮੁਤਾਬਿਕ ਸਾਲ 2019 ਵਿੱਚ ਪ੍ਰਵਾਸੀ ਪੰਛੀਆਂ ਦੀ ਹਾਜ਼ਰੀ 1 ਲੱਖ 23 ਹਜ਼ਾਰ ਦੇ ਕਰੀਬ ਦਰਜ ਕੀਤੀ ਗਈ ਸੀ। ਉਹ ਸਾਲ 2024 ਵਿੱਚ ਘੱਟ ਕੇ 40 ਹਜ਼ਾਰ ਤੋਂ 50 ਹਜ਼ਾਰ ਵਿਚਕਾਰ ਰਹਿ ਗਈ ਹੈ। ਇੱਥੇ ਜੋ 94 ਪ੍ਰਜਾਤੀਆਂ ਆਉਂਦੀਆਂ ਸਨ, ਉਨ੍ਹਾਂ ਦੀ ਗਿਣਤੀ ਘੱਟ ਕੇ 90 ਰਹਿ ਗਈ ਹੈ। ਜਾਣਕਾਰੀ ਮੁਤਾਬਿਕ ਨੰਗਲ ਵੈਂਟਲੈਂਡ 2020 ਵਿੱਚ ਪੰਛੀਆਂ ਜੋ ਗਿਣਤੀ 3808 ਸੀ, ਉਹ ਘੱਟ ਕੇ ਸਾਲ 2023 ਵਿੱਚ 1764 ਦੱਸੀ ਜਾ ਰਹੀ ਹੈ। ਸਾਡੀ ਪ੍ਰਕਿਰਤੀ ਦੇ ਪੰਛੀਆਂ ਦੀਆਂ ਘਟਦੀ ਗਿਣਤੀ ਮਨੁੱਖੀ ਜੀਵਨ ਲਈ ਸਿੱਧੀ ਖ਼ਤਰੇ ਦੀ ਘੰਟੀ ਹੈ। ਇਸ ਸਭ ਦੇ ਬਾਵਜੂਦ ਕੇਂਦਰ ਅਤੇ ਰਾਜ ਦੇ ਜੰਗਲੀ ਜੀਵ ਵਿਭਾਗਾਂ ਦੀ ਇਹ ਡਿਊਟੀ ਹੁੰਦੀ ਹੈ ਕਿ ਉਹ ਪ੍ਰਕਿਰਤੀ ਵਿੱਚ ਆ ਰਹੀ ਤਬਦੀਲੀ ਨੂੰ ਵਾਚਣ ਲਈ ਪੰਛੀਆਂ ਦੀ ਗਿਣਤੀ ਅਤੇ ਪ੍ਰਫੁੱਲਤਾ ਲਈ ਕੰਮ ਕਰਨ ਪਰ ਇਨ੍ਹਾਂ ਵਿਭਾਗਾਂ ਵਿੱਚ ਇਸ ਨਿਘਾਰ ਸੰਬੰਧੀ ਕੋਈ ਗੰਭੀਰਤਾ ਨਜ਼ਰ ਨਹੀਂ ਆ ਰਹੀ ਹੈ।

# 62 ਸਾਲ ਦਾ ਹੋਇਆ ਆਧੁਨਿਕ ਭਾਰਤ ਦਾ 225.55 ਮੀਟਰ ਉੱਚਾ ਭਾਖੜਾ ਡੈਮ

## 22 ਅਕਤੂਬਰ 1963 ਨੂੰ ਪੰ. ਨਹਿਰੂ ਨੇ ਕੀਤਾ ਸੀ ਰਾਸ਼ਟਰ ਨੂੰ ਸਮਰਪਿਤ

ਦੇਸ਼ ਦੀ ਹਰੀ ਤੇ ਉਦਯੋਗਿਕ ਕ੍ਰਾਂਤੀ ਵਿੱਚ ਅਹਿਮ ਯੋਗਦਾਨ ਪਾਉਣ ਵਾਲਾ ਤੇ ਰਾਸ਼ਟਰ ਦਾ ਗੌਰਵ ਕਹੇ ਜਾਣ ਵਾਲਾ ਭਾਖੜਾ ਡੈਮ 22 ਅਕਤੂਬਰ 2025 ਨੂੰ 62 ਸਾਲ ਦਾ ਹੋ ਗਿਆ ਹੈ। ਏਸ਼ੀਆ ਦੇ ਸਭ ਤੋਂ ਉੱਚਾ ਕਿਹਾ ਜਾਣ ਵਾਲਾ ਭਾਖੜਾ ਡੈਮ 22 ਅਕਤੂਬਰ 1963 ਨੂੰ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ ਸੀ। ਭਾਖੜਾ ਡੈਮ ਦੇ ਸਥਾਪਨਾ ਦਿਵਸ ਦੇ 62 ਸਾਲ ਪੂਰੇ ਹੋਣ ਤੇ 63ਵੇਂ ਵਿੱਚ ਪ੍ਰਵੇਸ਼ ਕਰਨ ਮੌਕੇ ਭਾਖੜਾ ਬਿਆਸ ਪ੍ਰਬੰਧ ਬੋਰਡ ਵੱਲੋਂ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਵਿੱਚ ਬੀ. ਬੀ. ਐਮ. ਬੀ. ਦੇ ਚੇਅਰਮੈਨ ਮਨੋਜ ਤ੍ਰਿਪਾਠੀ ਸਮੇਤ ਬੀ.ਬੀ.ਐਮ.ਬੀ. ਦੇ ਉੱਚ ਅਧਿਕਾਰੀਆਂ ਵੱਲੋਂ ਸ਼ਿਰਕਤ ਕੀਤੀ ਜਾਵੇਗੀ। ਇਸ ਮੌਕੇ ਉੱਚ ਅਧਿਕਾਰੀਆਂ ਵੱਲੋਂ ਭਾਖੜਾ ਡੈਮ ਦੇ ਨਿਰਮਾਣ ਸਮੇਂ ਸ਼ਹੀਦ ਹੋਏ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ, ਉਪਰੰਤ ਫਿੱਟ ਇੰਡੀਆ ਫਰੀਡਮ ਰਨ, 5-0 'ਸਵੱਛ ਭਾਰਤ, ਸਵੱਛਤ ਭਾਰਤ' ਤਹਿਤ ਦੌੜ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਭਾਖੜਾ ਡੈਮ ਉੱਤਰੀ ਭਾਰਤ ਵਿੱਚ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਭਾਖੜਾ ਵਿਖੇ ਸਤਲੁਜ ਦਰਿਆ 'ਤੇ ਬਣਿਆ ਇੱਕ ਕੰਕਰੀਟ ਗਰੈਵਿਟੀ ਡੈਮ ਹੈ। ਇਸਦੀ ਉਚਾਈ 226 ਮੀਟਰ ਹੈ। ਡੈਮ ਦੀ ਲੰਬਾਈ (ਉਪਰ ਸੜਕ ਤੋਂ ਮਾਪੀ ਗਈ) 518.25 ਮੀਟਰ ਤੇ ਚੌੜਾਈ 91 ਮੀਟਰ ਹੈ। ਭਾਖੜਾ ਡੈਮ ਦੇ ਪਿੱਛੇ ਬਣੀ ਝੀਲ, ਜਿਸ ਨੂੰ ਸਿੱਖਾਂ ਦੇ ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਗੋਬਿੰਦ ਸਾਗਰ ਝੀਲ ਵਜੋਂ ਜਾਣਿਆ ਜਾਂਦਾ ਹੈ, ਇਸ ਵਿੱਚ 9.34 ਬਿਲੀਅਨ ਕਿਊਸਿਕ ਮੀਟਰ ਪਾਣੀ ਦਾ ਭੰਡਾਰ ਹੈ। 90 ਕਿਲੋਮੀਟਰ ਲੰਬਾ ਜਲ ਭੰਡਾਰ 168.35 ਕਿਲੋਮੀਟਰ 2 ਦੇ ਖੇਤਰ ਵਿੱਚ ਫੈਲਿਆ ਹੋਇਆ ਹੈ। ਪਾਣੀ ਭੰਡਾਰਨ ਦੇ ਮਾਮਲੇ ਵਿੱਚ ਇਹ ਭਾਰਤ ਵਿੱਚ ਤੀਜਾ ਸਭ ਤੋਂ ਵੱਡਾ ਭੰਡਾਰ ਹੈ, ਪਹਿਲਾ ਮੱਧ ਪ੍ਰਦੇਸ਼ ਵਿੱਚ 12.22 ਬਿਲੀਅਨ ਘਣ ਮੀਟਰ ਦੀ ਸਮਰੱਥਾ ਵਾਲਾ ਇੰਦਿਰਾ ਸਾਗਰ ਡੈਮ ਹੈ ਅਤੇ ਦੂਜਾ ਤੇਲੰਗਾਨਾ ਵਿੱਚ ਨਾਗਾਰਜੁਨ ਸਾਗਰ ਡੈਮ ਹੈ। ਭਾਵੇਂ ਭਾਖੜਾ ਡੈਮ ਦੀ ਉਸਾਰੀ ਦਾ ਕੰਮ ਅਜ਼ਾਦੀ ਤੋਂ ਬਾਅਦ ਹੀ ਸ਼ੁਰੂ ਹੋਇਆ ਪਰ 1915 ਵਿੱਚ



ਹੀ ਇਸ ਡੈਮ ਨੂੰ ਬਣਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਨਿਕਸਲਨ ਦੀ ਖੋਜ ਤੋਂ ਬਾਅਦ 1920 ਤੋਂ 1938 ਦੌਰਾਨ ਇਸ ਡੈਮ 'ਤੇ ਕਾਫ਼ੀ ਕੰਮ ਕੀਤਾ ਗਿਆ। ਇਸ ਪ੍ਰਜੈਕਟ ਲਈ ਸਮਝੌਤੇ ਤਤਕਾਲੀ ਪੰਜਾਬ ਦੇ ਮਾਲ ਮੰਤਰੀ ਸਰ ਛੋਟੂ ਰਾਮ ਨੇ ਨਵੰਬਰ 1944 ਵਿੱਚ ਬਿਲਾਸਪੁਰ ਦੇ ਰਜੇ ਨਾਲ ਹਸਤਾਖਰ ਕੀਤੇ ਸਨ ਅਤੇ ਪ੍ਰੋਜੈਕਟ ਯੋਜਨਾ ਨੂੰ 8 ਜਨਵਰੀ 1945 ਨੂੰ ਅੰਤਿਮ ਰਜ਼ਾ ਦੇ ਦਿੱਤਾ ਸੀ। ਬਿਲਾਸਪੁਰ ਜ਼ਿਲ੍ਹੇ (ਹਿਮਾਚਲ ਪ੍ਰਦੇਸ਼) ਦੇ ਪਿੰਡ ਭਾਖੜਾ ਕੋਲ ਦੋ ਤੰਗ ਪਹਾੜਾਂ ਵਿਚਕਾਰ ਬਣੇ ਭਾਖੜਾ ਡੈਮ ਦੇ ਪਿਛੋਕੜ ਨੂੰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਸ ਪ੍ਰਜੈਕਟ ਦੇ ਅਸਲ ਹੀਰੋ 1923 ਵਿੱਚ ਅਣਵੰਡੇ ਪੰਜਾਬ ਦੇ ਵਿਧਾਨਕਾਰ ਕੌਂਸਲ ਦੇ ਮੈਂਬਰ ਤੇ ਖੇਤੀਬਾੜੀ ਮੰਤਰੀ ਬਣੇ ਸਰ ਛੋਟੂ ਰਾਮ ਸਨ, ਜਿਨ੍ਹਾਂ ਠੰਢੇ ਬਸਤੇ ਵਿੱਚ ਦੱਬੀ ਇਸ ਪ੍ਰੋਜੈਕਟ ਦੀ ਫਾਈਲ ਨੂੰ ਚੁੱਕ ਕੇ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਯਤਨ ਸ਼ੁਰੂ ਕੀਤੇ। ਬੇਸ਼ਕ ਭਾਖੜਾ ਡੈਮ ਪ੍ਰੋਜੈਕਟ ਮੁੱਖ ਰੂਪ ਵਿੱਚ ਸਿੰਚਾਈ ਪ੍ਰੋਜੈਕਟ ਹੀ ਸੀ, ਪਰ ਬਾਅਦ ਵਿੱਚ ਇਸ ਡੈਮ 'ਤੇ ਬਿਜਲੀ ਤਿਆਰ ਕਰਨ ਦੀ ਯੋਜਨਾ ਬਣਾਈ ਗਈ। ਭਾਖੜਾ ਡੈਮ ਨੇ ਅੱਜ ਜਿੱਥੇ ਬਿਜਲੀ ਦੀ ਪੈਦਾਵਾਰ ਨਾਲ ਇਸ ਡੈਮ ਨੇ ਦੇਸ਼ ਦੀ ਉਦਯੋਗਿਕ ਕ੍ਰਾਂਤੀ ਵਿੱਚ ਅਹਿਮ ਰੋਲ ਅਦਾ ਕੀਤਾ ਹੈ, ਉੱਥੇ ਦੇਸ਼ ਦੇ ਤਿੰਨ ਸੂਬਿਆਂ ਪੰਜਾਬ, ਹਰਿਆਣਾ ਤੇ ਰਾਜਸਥਾਨ ਦੀ ਕਰੀਬ 65 ਲੱਖ ਏਕੜ ਜ਼ਮੀਨ ਨੂੰ ਸਿੰਚਾਈ ਲਈ ਪਾਣੀ ਦੀ ਸਪਲਾਈ ਕਰ ਕੇ ਹਰੀ ਕ੍ਰਾਂਤੀ ਵਿੱਚ ਵੀ ਯੋਗਦਾਨ ਪਾਇਆ ਜਾ ਰਿਹਾ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵੱਲੋਂ 22 ਅਕਤੂਬਰ 1963 ਨੂੰ ਇਸ ਭਾਖੜਾ ਡੈਮ ਨੂੰ ਰਾਸ਼ਟਰ ਲਈ ਸਮਰਪਿਤ ਕੀਤਾ ਗਿਆ ਸੀ। ਇਸ ਡੈਮ ਦੇ ਉਦਘਾਟਨ ਮੌਕੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਸ ਨੂੰ ਨਵੀਨ ਭਾਰਤ ਦਾ ਆਧੁਨਿਕ ਮੰਦਿਰ ਕਿਹਾ ਸੀ, ਜੋ ਕਿ ਸੱਚ ਸਾਬਤ ਹੋ ਰਿਹਾ ਹੈ। 1948 ਤੋਂ 1963 ਵਿਚਕਾਰ ਬਣ ਕੇ ਤਿਆਰ ਹੋਏ ਇਸ ਸੰਸਾਰ ਦੇ ਸਭ ਤੋਂ ਉੱਚੇ ਕੰਕਰੀਟ ਦੇ ਠੋਸ ਬੰਨ੍ਹਾਂ ਵਿੱਚੋਂ ਇੱਕ ਇਸ ਭਾਖੜਾ ਡੈਮ ਦੀ ਉਚਾਈ 225.55 ਮੀਟਰ (740 ਫੁੱਟ) ਹੈ, ਜੋ ਕਿ ਦਿੱਲੀ ਦੇ ਮਸ਼ਹੂਰ ਕੁਤਬ ਮੀਨਾਰ ਤੋਂ ਤਿੰਨ ਗੁਣਾ ਜ਼ਿਆਦਾ ਹੈ। ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਆਉਣ ਵਾਲੇ ਹੜ੍ਹਾਂ ਦੀ ਮਾਰ ਤੋਂ ਬਚਾਉਣ ਵਿੱਚ ਵੀ ਇਸ ਡੈਮ ਦਾ ਵੱਡਾ ਯੋਗਦਾਨ ਹੈ। ਚੀਫ ਕੰਸਲਟੈਂਟ ਐਮ. ਐੱਚ. ਸਲੋਕਮ ਦੀ ਅਗਵਾਈ ਹੇਠ ਬਣੀ ਇਸ ਰਾਸ਼ਟਰੀ ਧਰੋਹਰ ਨੂੰ ਬਣਾਉਣ ਲਈ 13 ਹਜ਼ਾਰ ਮਜ਼ਦੂਰਾਂ, 300 ਇੰਜੀਨੀਅਰਾਂ ਤੇ 30 ਵਿਦੇਸ਼ੀ ਮਾਹਰਾਂ ਨੇ ਦਿਨ-ਰਾਤ ਕੰਮ ਕਰ ਕੇ ਇਸ ਪ੍ਰੋਜੈਕਟ ਨੂੰ 15 ਸਾਲਾਂ ਵਿੱਚ ਪੂਰਾ ਕੀਤਾ। ਇਸ ਡੈਮ ਨੂੰ ਬਣਾਉਣ ਲਈ ਸੈਂਕੜੇ ਵਿਅਕਤੀਆਂ ਵੱਲੋਂ ਆਪਣੇ ਜਾਨ ਦੀ ਅਹੂਤੀ ਦਿੱਤੀ ਗਈ। ਜਿਨ੍ਹਾਂ ਦੀ ਯਾਦ ਵਿੱਚ ਭਾਖੜਾ ਡੈਮ ਵਿਖੇ ਇੱਕ ਸ਼ਹੀਦੀ ਸਮਾਰਕ ਵੀ ਬਣਿਆ ਹੋਇਆ ਹੈ।

# ਪੰਜਾਬ ਨੂੰ ਫ਼ਸਲੀ ਖਰੀਦ ਮਾਪਦੰਡਾਂ ਵਿੱਚ ਮਿਲ ਸਕਦੀ ਹੈ ਛੋਟ

## ★ ਦੋ ਕੇਂਦਰੀ ਟੀਮਾਂ ਨੇ 19 ਜ਼ਿਲ੍ਹਿਆਂ ਵਿੱਚ ਪ੍ਰਭਾਵਿਤ ਫ਼ਸਲ ਦੇ ਨਮੂਨੇ ਭਰੇ ★ ਹੜ੍ਹਾਂ ਕਰਕੇ ਕੇਂਦਰ ਦੇ ਸਕਦੈ ਰਾਹਤ

ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਕਾਰਨ ਝੋਨੇ ਦੀ ਫ਼ਸਲ ਦੀ ਗੁਣਵੱਤਾ ਪ੍ਰਭਾਵਿਤ ਹੋਣ ਦੇ ਮੱਦੇਨਜ਼ਰ ਪੰਜਾਬ ਦਾ ਦੋ ਦਿਨਾਂ ਦੌਰਾ ਕਰ ਕੇ ਫ਼ਸਲ ਦੇ ਨਮੂਨੇ ਲੈਣ ਦਾ ਕੰਮ ਮੁਕੰਮਲ ਕਰ ਲਿਆ ਹੈ। ਪੰਜਾਬ ਸਰਕਾਰ ਨੇ 12 ਅਕਤੂਬਰ ਨੂੰ ਕੇਂਦਰੀ ਖ਼ੁਰਾਕ ਮੰਤਰਾਲੇ ਨੂੰ ਪੱਤਰ ਭੇਜ ਕੇ ਝੋਨੇ ਦੀ ਖ਼ਰੀਦ ਦੇ ਮਾਪਦੰਡਾਂ ਵਿੱਚ ਛੋਟ ਦੀ ਮੰਗ ਕੀਤੀ ਸੀ। ਕੇਂਦਰ ਸਰਕਾਰ ਨੇ ਕੀਤੀ ਸੀ ਕਿ ਪੰਜਾਬ ਵਿੱਚ ਝੋਨੇ ਦੀ ਫ਼ਸਲ ਦੇ ਮਾਪਦੰਡਾਂ ਵਿੱਚ ਢਿੱਲ ਦਿੱਤੀ ਜਾਵੇ। ਕੇਂਦਰੀ ਟੀਮਾਂ ਵੱਲੋਂ ਨਮੂਨੇ ਲੈਣ ਦਾ ਕੰਮ ਅੱਜ ਦੁਪਹਿਰ ਤੱਕ ਚੱਲਦਾ ਰਿਹਾ। ਪੰਜਾਬ ਸਰਕਾਰ ਦੀਆਂ ਟੀਮਾਂ ਨੇ ਵੀ ਉਨ੍ਹਾਂ ਨੂੰ ਸਹਿਯੋਗ ਦਿੱਤਾ। ਐਤਕੀ ਝੋਨੇ ਦੀ ਫ਼ਸਲ ਮੀਂਹਾਂ ਕਾਰਨ ਪ੍ਰਭਾਵਿਤ ਹੋਈ ਹੈ। ਫ਼ਸਲ ਬਦਰੰਗ ਹੋਣ ਤੋਂ ਇਲਾਵਾ ਟੁੱਟ ਜ਼ਿਆਦਾ ਹੋਣ ਦੀ ਵੀ ਸ਼ਿਕਾਇਤ ਹੈ। ਕੇਂਦਰੀ ਟੀਮਾਂ



ਫ਼ੌਰੀ ਐਕਸ਼ਨ ਲੈਂਦਿਆਂ 14 ਮੈਂਬਰਾਂ 'ਤੇ ਆਧਾਰਿਤ ਦੋ ਕੇਂਦਰੀ ਟੀਮਾਂ ਨੂੰ ਪੰਜਾਬ ਭੇਜਿਆ ਸੀ। ਕੇਂਦਰੀ ਟੀਮਾਂ ਦੀ ਫੁਰਤੀ ਮਗਰੋਂ ਸੂਬੇ ਵਿੱਚ ਝੋਨੇ ਦੀ ਖ਼ਰੀਦ ਦੇ ਮਾਪਦੰਡਾਂ ਵਿੱਚ ਢਿੱਲ ਮਿਲਣ ਦੀ ਸੰਭਾਵਨਾ ਵੱਧ ਗਈ ਹੈ ਜਿਸ ਨਾਲ ਕਿਸਾਨੀ ਦੀ ਲੁੱਟ ਦਾ ਰਾਹ ਵੀ ਬੰਦ ਹੋ ਜਾਵੇਗਾ। ਹੜ੍ਹਾਂ ਤੇ ਮੀਂਹ ਕਾਰਨ ਸੂਬੇ ਵਿੱਚ ਕਰੀਬ ਪੰਜ ਲੱਖ ਏਕੜ ਫ਼ਸਲ ਤਬਾਹ ਹੋ ਗਈ ਸੀ ਅਤੇ ਬਾਕੀ ਬਚੀ ਫ਼ਸਲ ਦੀ ਗੁਣਵੱਤਾ ਨੂੰ ਵੱਡੀ ਢਾਹ ਲੱਗੀ ਹੈ। ਕੇਂਦਰੀ ਟੀਮਾਂ ਨੇ 19 ਜ਼ਿਲ੍ਹਿਆਂ ਵਿੱਚੋਂ ਫ਼ਸਲ ਦੇ ਨਮੂਨੇ ਭਰੇ ਹਨ। ਹਰ ਸਬ ਡਿਵੀਜ਼ਨ ਤੋਂ ਨਮੂਨੇ ਲਏ ਗਏ ਹਨ ਜਿਨ੍ਹਾਂ ਦੀ ਜਾਂਚ ਵੀ ਭਾਰਤੀ ਖ਼ੁਰਾਕ ਨਿਗਮ ਦੀਆਂ ਪੰਜਾਬ ਵਿਚਲੀਆਂ ਖੇਤਰੀ ਤੇ ਜ਼ਿਲ੍ਹਾ ਲੈਬਾਰਟਰੀਆਂ ਵਿੱਚ ਹੋਣੀ ਹੈ।

ਕੇਂਦਰੀ ਟੀਮਾਂ ਵੱਲੋਂ ਜਲਦੀ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪੀ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ 30 ਸਤੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਇਹ ਮੰਗ ਵਿੱਚ ਡਿਪਟੀ ਡਾਇਰੈਕਟਰ, ਸਹਾਇਕ ਡਾਇਰੈਕਟਰ ਅਤੇ ਤਕਨੀਕੀ ਅਫ਼ਸਰ ਸ਼ਾਮਲ ਕੀਤੇ ਗਏ ਹਨ। ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਜ਼ਿਆਦਾ ਨਮੂਨੇ ਲਏ ਗਏ ਹਨ। ਸੂਬੇ ਵਿੱਚ ਇਸ ਵਾਰ 15 ਸਤੰਬਰ ਤੋਂ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਹੋ ਗਈ ਸੀ ਪਰ ਕੁਦਰਤੀ ਆਫ਼ਤਾਂ ਕਾਰਨ ਮੰਡੀਆਂ ਵਿੱਚ ਫ਼ਸਲ ਦੀ ਆਮਦ ਨੇ ਹਾਲੇ ਤੱਕ ਪੂਰਾ ਜ਼ੋਰ ਨਹੀਂ ਫੜਿਆ ਹੈ।

ਖ਼ੁਰਾਕ ਤੇ ਸਪਲਾਈਜ਼ ਵਿਭਾਗ ਪੰਜਾਬ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੜ੍ਹਾਂ ਦੇ ਹਵਾਲੇ ਨਾਲ ਕੇਂਦਰ ਤੋਂ ਝੋਨੇ ਦੀ ਖ਼ਰੀਦ ਦੇ ਮਾਪਦੰਡਾਂ ਵਿੱਚ ਛੋਟ ਮੰਗੀ ਸੀ ਅਤੇ ਅੱਜ ਕੇਂਦਰੀ ਟੀਮਾਂ ਨੇ ਫ਼ਸਲ ਦੇ ਨਮੂਨੇ ਲੈਣ ਦਾ ਕੰਮ ਮੁਕੰਮਲ ਕਰ ਲਿਆ ਹੈ। ਅਧਿਕਾਰੀ ਨੇ ਉਮੀਦ ਜ਼ਾਹਿਰ ਕੀਤੀ ਕਿ ਕੇਂਦਰ ਸਰਕਾਰ ਕੁਦਰਤੀ ਆਫ਼ਤ ਦੀ ਮਾਰ ਪੈਣ ਕਰ ਕੇ ਪੰਜਾਬ ਲਈ ਖ਼ਰੀਦ ਮਾਪਦੰਡਾਂ ਵਿੱਚ ਛੋਟ ਦੇ ਸਕਦੀ ਹੈ। ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਰਾਹਤ ਮਿਲੇਗੀ।

# ਝੋਨੇ ਦੀ ਫ਼ਸਲ ਦੇ ਘੱਟ ਝਾੜ ਨੇ ਪੰਜਾਬ ਦਾ ਅੰਨਦਾਤਾ ਝੰਜੋੜਿਆ

## ★ ਕਿਸਾਨ ਆਲੂਆਂ ਵਲੋਂ ਝੋਨੇ ਦੀ ਫ਼ਸਲ 'ਤੇ 200 ਪ੍ਰਤੀ ਕੁਇੰਟਲ ਬੋਨਸ ਦਿੱਤੇ ਜਾਣ ਦੀ ਮੰਗ ★ ਠੇਕੇ ਜ਼ਮੀਨਾਂ ਲੈ ਕੇ ਖੇਤੀ ਕਰਨ ਵਾਲਾ ਕਿਸਾਨ ਡੂੰਘੇ ਸੰਕਟ ਵਿੱਚ

ਮੌਜੂਦਾ ਖੇਤੀਬਾੜੀ ਸੀਜ਼ਨ ਦੌਰਾਨ ਮੌਸਮ ਦੀ ਗੜਬੜੀ ਦੇ ਚਲਦਿਆਂ ਝੋਨਾ ਅਤੇ ਬਾਸਮਤੀ ਦੀ ਫ਼ਸਲ ਦਾ ਭਾਰੀ ਨੁਕਸਾਨ ਹੋਣ ਕਾਰਨ ਝੋਨੇ ਦੀ ਫ਼ਸਲ ਦਾ ਝਾੜ 25 ਤੋਂ 30 ਫ਼ੀਸਦੀ ਘੱਟ ਨਿਕਲਣ ਕਰਕੇ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਝਲਕ ਰਹੀ ਹੈ। ਝੋਨੇ ਅਤੇ ਬਾਸਮਤੀ ਦਾ ਝਾੜ 5 ਤੋਂ 7 ਕੁਇੰਟਲ ਪ੍ਰਤੀ ਏਕੜ ਘੱਟ ਆਉਣ ਕਾਰਨ ਅਤੇ ਸੂਬੇ ਵਿੱਚ 3 ਲੱਖ ਹੈਕਟੇਅਰ ਦੇ ਕਰੀਬ ਝੋਨੇ ਦੀ ਫ਼ਸਲ ਬਰਬਾਦ ਹੋਣ ਨਾਲ ਪਏ ਵੱਡੇ ਆਰਥਿਕ ਘਾਟੇ ਨੇ 2025 ਦੇ ਦੀਵਾਲੀ ਦੇ ਤਿਉਹਾਰ ਨੂੰ ਫਿੱਕਾ ਕਰਕੇ ਰੱਖ ਦਿੱਤਾ ਹੈ। ਪੰਜਾਬ ਵਿੱਚ ਸਾਉਣੀ ਦੇ ਸੀਜ਼ਨ ਦੌਰਾਨ 31 ਲੱਖ ਹੈਕਟੇਅਰ 'ਤੇ ਝੋਨੇ ਅਤੇ ਬਾਸਮਤੀ ਦੀ ਖੇਤੀ ਕੀਤੀ ਗਈ ਸੀ, ਜਿਸ ਵਿੱਚ 3 ਲੱਖ ਹੈਕਟੇਅਰ ਰਕਬਾ ਹੜ੍ਹਾਂ ਦੀ ਮਾਰ ਕਾਰਨ ਤਬਾਹ ਹੋ ਗਿਆ, ਰਹਿੰਦੇ ਰਕਬੇ ਵਿਚਲੀ ਝੋਨੇ ਦੀ ਫ਼ਸਲ ਮੌਸਮ ਦੀ ਗੜਬੜੀ ਨਾਲ ਵੱਡੀ ਮਾਤਰਾ ਵਿੱਚ ਪ੍ਰਭਾਵਿਤ ਹੋ ਗਈ, ਜਿਸ ਦਾ ਔਸਤ ਝਾੜ 25 ਤੋਂ 30 ਫ਼ੀਸਦੀ ਘੱਟਣ ਨਾਲ ਪੰਜਾਬ ਸਰਕਾਰ ਵਲੋਂ ਚਾਲੂ ਸੀਜ਼ਨ ਦੌਰਾਨ ਝੋਨਾ ਖ਼ਰੀਦ ਦਾ 1.75 ਲੱਖ ਟਨ ਦਾ ਮਿੱਥਿਆ ਟੀਚਾ 25 ਫ਼ੀਸਦੀ ਘੱਟ ਰਹਿ ਸਕਦਾ ਹੈ। ਮਾਲ ਵਿਭਾਗ ਵੱਲੋਂ ਸੂਬਾ ਸਰਕਾਰ ਨੂੰ ਸੌਂਪੀ ਗਈ ਰਿਪੋਰਟ ਵਿੱਚ ਹੜ੍ਹ ਦੀ ਮਾਰ ਨਾਲ ਝੋਨੇ ਦੀ ਫ਼ਸਲ ਅਤੇ ਜ਼ਮੀਨਾਂ ਦੇ ਹੋਏ ਨੁਕਸਾਨ ਨਾਲ ਕਿਸਾਨ ਨੂੰ 27.82 ਕਰੋੜ ਦਾ ਵੱਡਾ ਘਾਟਾ ਪੈਣ ਦੀ ਗੱਲ ਆਖੀ ਗਈ ਹੈ। ਚਾਲੂ ਸੀਜ਼ਨ ਵਿੱਚ ਝੋਨੇ ਦੀ ਫ਼ਸਲ ਦੇ ਝਾੜ ਘੱਟ ਆਉਣ ਨਾਲ ਕਿਸਾਨ 'ਤੇ ਆਰਥਿਕ ਘਾਟੇ ਦੀ ਮਾਰ ਦੇ ਅੰਕੜੇ ਇਸ ਤੋਂ ਤਿੰਨ ਗੁਣਾਂ ਵੱਧ ਸਕਦੇ ਹਨ, ਜਿਸ ਨਾਲ ਪਹਿਲਾਂ ਹੀ ਨਾਜ਼ੁਕ ਦੌਰ ਵਿੱਚ ਗੁਜ਼ਰ ਰਿਹਾ ਪੰਜਾਬ ਦਾ ਖੇਤੀ ਸੈਕਟਰ ਲੜਖੜਾਉਣ ਨਾਲ ਸੂਬੇ ਦੇ ਕਿਸਾਨਾਂ ਸਿਰ ਕਰਜ਼ੇ ਦੀਆਂ ਪੰਡਾਂ ਹੋਰ ਭਾਰੂ ਪੈ ਸਕਦੀਆਂ ਹਨ। ਮੀਡੀਆ ਰਿਪੋਰਟਾਂ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ 1,05,200 ਕਰੋੜ ਦੇ ਕਰੀਬ ਖੇਤੀ ਕਰਜ਼ਾ ਚੜ੍ਹਿਆ ਹੋਇਆ ਹੈ, ਆੜ੍ਹਤੀਆਂ ਦੇ ਕਰਜ਼ੇ ਦੇ ਬੋਝ ਇਨ੍ਹਾਂ ਅੰਕੜਿਆਂ ਤੋਂ ਵੀ ਵੱਧ ਹੋ ਸਕਦਾ ਹੈ। ਦੇਸ਼ ਦੇ ਲੋਕਾਂ ਲਈ 40 ਫ਼ੀਸਦੀ ਤੋਂ ਵੱਧ ਅਨਾਜ ਪੈਦਾ ਕਰਕੇ ਭਾਰਤ ਦੇ 150 ਕਰੋੜ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨ 'ਤੇ ਲਗਾਤਾਰ ਆਰਥਿਕ ਬੋਝ ਵੱਧ ਰਿਹਾ ਹੈ। ਇਨ੍ਹਾਂ ਸਾਰੇ ਅੰਕੜਿਆਂ ਤੋਂ ਸਪੱਸ਼ਟ ਹੈ ਕਿ 2005



ਦੀ ਦੀਵਾਲੀ ਦਾ ਤਿਉਹਾਰ ਪੰਜਾਬ ਦੇ ਕਿਸਾਨਾਂ 'ਤੇ ਫਿੱਕਾ ਪੈਂਦਾ ਹੋਇਆ ਵਿਖਾਈ ਦੇ ਰਿਹਾ ਹੈ। ਕਿਸਾਨਾਂ ਦੀ ਇਨ੍ਹਾਂ ਸਮੱਸਿਆ ਦੇ ਬਾਰੇ ਖੇਤੀ ਮਾਹਿਰ ਸਾਬਕਾ ਪ੍ਰੋ. ਜਸਵੰਤ ਸਿੰਘ ਬਰਾੜ, ਹਰਜੀਤ ਸਿੰਘ ਬਰਾੜ, ਗੁਰਵਿੰਦਰ ਸਿੰਘ ਬਰਾੜ ਅਤੇ ਕਿਸਾਨ ਜੱਥੇਬੰਦੀ ਆਗੂਆਂ ਸਰੂਪ ਸਿੰਘ ਰਮਾਂ, ਨੱਥਾ ਸਿੰਘ ਬਰਾੜ, ਕੁਲਵੰਤ ਸਿੰਘ, ਸਾਬਕਾ ਸਰਪੰਚ ਕਾਬਲ ਸਿੰਘ ਬਰਾੜ ਆਦਿ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਸਾਨਾਂ ਦੀ ਸਮੱਸਿਆ ਬਾਰੇ ਦੱਸਿਆ ਕਿ ਫ਼ਸਲ ਦੇ ਲਾਗਤ ਖ਼ਰਚੇ ਦਿਨ-ਬ-ਦਿਨ ਵੱਧ ਰਹੇ ਹਨ। ਕਿਸਾਨਾਂ ਦੀਆਂ ਫ਼ਸਲਾਂ ਦੇ ਭਾਅ ਵਿੱਚ ਨਗੂਣਾ ਜਿਹਾ ਵਾਧਾ ਕਰਕੇ ਕੇਂਦਰੀ ਸਰਕਾਰ ਵਲੋਂ ਢੰਗ ਟਪਾਊ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਠੇਕੇ 'ਤੇ ਜ਼ਮੀਨਾਂ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਦੀ ਫ਼ਸਲਾਂ 'ਤੇ ਪਈ ਕੁਦਰਤੀ ਮਾਰ ਕਾਰਨ ਕਰਜ਼ੇ ਦੇ ਬੋਝ ਨੂੰ ਘੱਟ ਕਰਨ ਲਈ ਆਪਣੀਆਂ ਜ਼ਮੀਨਾਂ ਵੇਚਣ ਲਈ ਮਜਬੂਰ ਹੋ ਰਹੇ ਹਨ। ਸੂਬੇ ਦਾ ਛੋਟਾ ਕਿਸਾਨ ਬਹੁਤ ਮਾੜੀ ਸਥਿਤੀ ਵਿੱਚੋਂ ਲੰਘ ਰਿਹਾ ਹੈ, ਬਹੁਤ ਅਜਿਹੇ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਜਿਨੀ ਜ਼ਮੀਨ ਹੈ, ਉਸ ਤੋਂ ਵਧੇਰੇ ਉਨ੍ਹਾਂ ਸਿਰ ਕਰਜ਼ੇ ਚੜ੍ਹੇ ਹੋਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਲੰਘੇ 2 ਦਹਾਕਿਆਂ ਵਿੱਚ ਪੰਜਾਬ ਵਿੱਚ 25,000 ਤੋਂ ਵੱਧ ਕਿਸਾਨਾਂ ਵਲੋਂ ਕਰਜ਼ੇ ਦੇ ਬੋਝ ਦੇ ਚੱਲਦਿਆਂ ਖ਼ੁਦਕੁਸ਼ੀਆਂ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰ ਪਾਸੋਂ ਮੰਗ ਕਰਦੇ ਹੋਏ ਕਿਹਾ ਕਿ ਦੇਸ਼ ਖੇਤੀ ਸੈਕਟਰ ਨੂੰ ਬਚਾਉਣ ਲਈ ਸਖ਼ਾਈ ਪਾਲਿਸੀਆਂ ਦੇ ਪ੍ਰਬੰਧ ਕਰਕੇ ਸਖ਼ਾਈ ਫ਼ਸਲੀ ਬੀਮਾ ਦੇ ਪ੍ਰਬੰਧ ਲਈ ਚੰਗੀਆਂ ਕੰਪਨੀਆਂ ਨਾਲ ਸੰਪਰਕ ਬਣਾ ਕੇ ਕਿਸਾਨਾਂ ਨੂੰ ਗਰਾਊਂਡ ਪੱਧਰ 'ਤੇ ਫ਼ਸਲੀ ਬੀਮੇ ਬਾਰੇ ਜਾਣਕਾਰੀ ਦੇ ਕੇ ਕਿਸਾਨ ਨੂੰ ਫ਼ਸਲੀ ਬੀਮੇ ਨਾਲ ਜੋੜਿਆ ਜਾ ਸਕੇ। ਉਨ੍ਹਾਂ ਮੌਜੂਦਾ ਸਥਿਤੀ ਨੂੰ ਲੈ ਕੇ ਝੋਨੇ ਦੀ ਫ਼ਸਲ ਦੇ ਝਾੜ ਘੱਟ ਰਹਿਣ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ 200 ਪ੍ਰਤੀ ਕੁਇੰਟਲ ਬੋਨਸ ਦਿੱਤੇ ਜਾਣ ਦੀ ਮੰਗ ਕੀਤੀ ਗਈ।

# ਆਸਟਰੇਲੀਆ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਟਰੈਕਟਰ

ਦੁਨੀਆਂ ਵਿੱਚ ਸਭ ਤੋਂ ਵੱਡੇ ਆਕਾਰ ਦਾ ਟਰੈਕਟਰ, ਜਿਸ ਨੂੰ ਖੇਤਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ, ਆਸਟਰੇਲੀਆ ਵਿੱਚ ਸਥਿਤ ਹੈ । ਇਹ ਪੱਛਮੀ ਆਸਟਰੇਲੀਆ ਦੇ ਸ਼ਹਿਰ ਪਰਥ ਤੋਂ ਲੈਣ ਵਾਲੀ ਹੈ । ਹਰੇਕ ਨੂੰ ਇਸ ਟਰੈਕਟਰ ਦੀ ਪ੍ਰਭਾਵਸ਼ਾਲੀ ਦਿੱਖ ਆਪਣੇ ਵੱਲ ਖਿੱਚਦੀ ਹੈ । ਇਸ ਟਰੈਕਟਰ ਦੀ ਗੱਦੀ ਉੱਤੇ ਬੈਠਣ ਲਈ ਇਸ ਦੇ ਨਾਲ ਲੱਗੀ ਪੌੜੀ ਦੀ ਵਰਤੋਂ ਕਰਨੀ ਪੈਂਦੀ ਹੈ



300 ਕਿਲੋਮੀਟਰ ਉੱਤਰ ਵਿੱਚ ਇੱਥੋਂ ਦੇ ਪੇਂਡੂ ਖੇਤਰ ਵਿੱਚ ਕਾਰਨਾਮਾਹ ਟਾਊਨ ਵਿੱਚ ਮੌਜੂਦ ਹੈ । ਇੱਥੋਂ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਇਸ ਵੱਡੇ ਆਕਾਰ ਦੇ ਟਰੈਕਟਰ ਦੀ ਦਿੱਖ ਦਿਲ ਨੂੰ ਮੋਹ । ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵੱਡੇ ਆਕਾਰ ਦਾ ਇਹ ਟਰੈਕਟਰ ਉਨ੍ਹਾਂ ਦੇ ਪਿੰਡ ਦੀ ਸ਼ਾਨ ਹੈ । ਇਸ ਦੀ ਮਨਮੋਹਕ ਦਿੱਖ ਕਾਰਨ ਪਿੰਡ ਵਿੱਚ ਸੈਰ-ਸਪਾਟਾ ਲਗਾਤਾਰ ਵੱਧ ਰਿਹਾ ਹੈ ।




ਆਸਟਰੇਲੀਆ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਟਰੈਕਟਰ ਦੇਖਣ ਲਈ ਜੁੜੀ ਲੋਕਾਂ ਦੀ ਭੀੜ ।

ਇਹ ਟਰੈਕਟਰ 11.5 ਮੀਟਰ ਉੱਚਾ, 16 ਮੀਟਰ ਲੰਮਾ ਅਤੇ 42 ਟਨ ਭਾਰਾ ਹੈ, ਜੋ ਅਸਲ ਟਰੈਕਟਰ ਨਾਲੋਂ ਪੰਜ ਗੁਣਾ ਵੱਡਾ ਹੈ । ਇਸ ਦੇ ਨਿਰਮਾਣ ਤੇ ਕਰੀਬ ਇੱਕ ਵਰ੍ਹਾ ਲੱਗਿਆ ਹੈ । ਇਸ ਤੋਂ ਪਹਿਲਾਂ ਸਭ ਤੋਂ ਵੱਡਾ ਟਰੈਕਟਰ ਅਮਰੀਕਾ ਵਿੱਚ 'ਬਿੱਗ ਬਡ 747' ਸੀ; ਪਿਛਲੇ ਸਾਲ ਆਸਟਰੇਲੀਆ ਦੇ ਇਸ ਵੱਡੇ ਟਰੈਕਟਰ ਦੇ ਨਿਰਮਾਣ ਮਗਰੋਂ ਹੁਣ ਇਹ ਦੁਨੀਆਂ ਦਾ ਸਭ ਤੋਂ ਵੱਡਾ ਟਰੈਕਟਰ ਬਣ ਗਿਆ ਹੈ ।

ਇਸ ਦਾ ਨਿਰਮਾਣ ਸਥਾਨਕ ਭਾਈਚਾਰੇ ਦੀ ਦਾਨ ਕੀਤੀ ਰਕਮ ਨਾਲ ਹੋਇਆ ਹੈ । ਇਹ ਖੇਤੀਬਾੜੀ ਉਪਕਰਨਾਂ ਦੇ ਨਿਰਮਾਣ ਵਿੱਚ ਪੱਛਮੀ ਆਸਟਰੇਲੀਆ ਦੇ ਇਤਿਹਾਸਕ ਯੋਗਦਾਨ ਨੂੰ ਦਰਸਾਉਂਦਾ ਹੈ । ਬਿਗ ਟਰੈਕਟਰ ਕਮੇਟੀ ਦੇ ਚੇਅਰਮੈਨ ਬ੍ਰੈਂਡਨ ਹੇਅਸਲਰ ਦਾ ਕਹਿਣਾ ਹੈ ਕਿ ਟਰੈਕਟਰ ਖੇਤਾਂ ਦਾ ਰਾਜਾ ਹੈ, ਕਿਸਾਨ ਦਾ ਪੁੱਤ ਹੈ ।

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਇਹ ਸਕੀਮ 30 ਸਤੰਬਰ, 2025 ਤੱਕ ਹੈ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

## ਸਰ੍ਹੋਂ ਦੀ ਫ਼ਸਲ ਲਈ ਸੁਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਦੀ ਮਹੱਤਤਾ ਅਤੇ ਵਰਤੋਂ

ਜੀਵਾਣੂੰ ਖਾਦ, ਉਹ ਖਾਦ ਹੁੰਦੀ ਹੈ, ਜਿਸ ਵਿੱਚ ਸੂਖਮ ਜੀਵ ਹੁੰਦੇ ਹਨ, ਅਤੇ ਜੋ ਫ਼ਸਲਾਂ ਨੂੰ ਪੌਸ਼ਟਿਕ ਤੱਤ ਮੁਹੱਈਆ ਕਰਵਾਉਂਦੇ ਹਨ । ਜੀਵਾਣੂੰ ਖਾਦਾਂ ਵਿਚਲੇ ਸੂਖਮ ਜੀਵਾਣੂੰ, ਹਵਾ ਵਿਚਲੀ ਨਾਈਟਰੋਜਨ ਜਮ੍ਹਾਂ ਕਰਨ, ਮਿੱਟੀ ਵਿਚਲੀ ਅਣਘੁੱਲੀ ਫਾਸਫੋਰਸ ਨੂੰ ਘੁਲਣਸ਼ੀਲ ਬਣਾਉਣ ਦੀ ਸਮਰੱਥਾ ਦੇ ਨਾਲ-ਨਾਲ ਪੌਦੇ ਦੇ ਵਿਕਾਸ ਵਿੱਚ ਸਹਾਇਕ ਹਾਰਮੋਨ ਬਣਾਉਂਦੇ ਹਨ ਜੋ ਕਿ ਪੌਦਿਆਂ ਨੂੰ ਵੱਧਣ-ਫੁੱਲਣ ਵਿੱਚ ਮਦਦ ਕਰਦੇ ਹਨ । ਇਹਨਾਂ ਦੀਆਂ ਗਤੀਵਿਧੀਆਂ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਦੇ ਨਾਲ-ਨਾਲ, ਫ਼ਸਲਾਂ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ ।

ਸਰ੍ਹੋਂ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੁਡੋਮੋਨਾਸ ਪੁਟੀਡਾ ਐਮ ਐਲ ਈ 8 ਜੀਵਾਣੂੰ ਖਾਦ ਦੀ ਸਿਫ਼ਾਰਿਸ਼ ਕੀਤੀ ਗਈ ਹੈ । ਸੁਡੋਮੋਨਾਸ ਪੁਟੀਡਾ ਐਮ ਐਲ ਈ 8 ਜੀਵਾਣੂੰ ਅਣਘੁੱਲੀ ਫਾਸਫੋਰਸ ਅਤੇ ਜ਼ਿੰਕ ਨੂੰ ਘੁਲਣਸ਼ੀਲ ਰੂਪ ਵਿੱਚ ਤਬਦੀਲ ਕਰਕੇ ਅਤੇ ਪੌਦੇ ਲਈ ਫਾਈਟੋਹਾਰਮੋਨ ਬਣਾ ਕੇ ਪੌਦੇ ਦੇ ਵਿਕਾਸ ਅਤੇ ਝਾੜ ਵਿੱਚ ਵਾਧਾ ਕਰਦਾ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਰ੍ਹੋਂ ਲਈ 250 ਗ੍ਰਾਮ ਸੁਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਦਾ ਪੈਕੇਟ ਇੱਕ ਏਕੜ ਦੇ ਬੀਜਾਂ ਲਈ 40 ਰੁਪਏ ਕੀਮਤ ਤੇ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸਨੂੰ ਬੀਜਾਂ ਨੂੰ ਲਾਉਣ ਨਾਲ ਸਰ੍ਹੋਂ ਦੇ ਝਾੜ ਵਿੱਚ ਵਾਧਾ ਹੁੰਦਾ ਹੈ ।



**ਸੁਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਦੇ ਮੁੱਖ ਫਾਇਦੇ :**

★ ਬੀਜ ਦੀ ਪੈਦਾਵਾਰ ਵਿੱਚ 5-11.7% ਵਾਧਾ ਹੁੰਦਾ ਹੈ ।

★ ਤੇਲ ਦੀ ਪੈਦਾਵਾਰ ਵਿੱਚ 3.4-12% ਵਾਧਾ ਹੁੰਦਾ ਹੈ ।

★ ਮਿੱਟੀ ਦੀ ਸਿਹਤ ਅਤੇ ਉਪਜਾਊਪਣ ਵਿੱਚ ਸੁਧਾਰ ਹੁੰਦਾ ਹੈ ।

**ਸੁਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਵਰਤੋਂ ਦਾ ਢੰਗ :**

1. ਸਰ੍ਹੋਂ ਜਾਤੀ ਦੀ ਕਿਸੇ ਵੀ ਫ਼ਸਲ ਲਈ ਲੋੜੀਂਦਾ ਇੱਕ ਏਕੜ ਦੇ ਬੀਜ ਨੂੰ ਸਾਫ ਫਰਸ਼/ਪੋਲੀਥੀਨ ਸ਼ੀਟ ਤੇ ਵਿਛਾ ਕੇ ਘੱਟੋ-ਘੱਟ ਸਾਫ ਪਾਣੀ (50-100 ਮਿਲੀਲੀਟਰ) ਨਾਲ ਗਿੱਲਾ ਕਰੋ ।

2. ਸੁਡੋਮੋਨਾਸ ਪੁਟੀਡਾ ਐਮ ਐਲ ਈ 8 ਜੀਵਾਣੂੰ ਖਾਦ ਨੂੰ ਬੀਜ ਨਾਲ ਚੰਗੀ ਤਰ੍ਹਾਂ ਰਲਾ ਲਓ ।

3. ਬੀਜ ਨੂੰ ਸੁਕਾ ਲਓ ਅਤੇ ਜਿਨ੍ਹਾਂ ਛੇਤੀ ਹੋ ਸਕੇ ਬਿਜਾਈ ਕਰ ਲਉ ।

**ਸੁਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਵਰਤਣ ਸਮੇਂ ਸਾਵਧਾਨੀਆਂ :**

★ ਫ਼ਸਲ ਦੇ ਲਈ ਹਮੇਸ਼ਾ ਸਿਫਾਰਸ਼ ਕੀਤੀ ਜੀਵਾਣੂੰ ਖਾਦ ਦੀ ਹੀ ਵਰਤੋਂ ਕਰੋ ।

★ ਜੀਵਾਣੂੰ ਖਾਦਾਂ ਨੂੰ ਮਿਆਦ (3 ਮਹੀਨੇ) ਪੁੱਗਣ ਤੋਂ ਪਹਿਲਾਂ ਵਰਤੋਂ ।

★ ਜੀਵਾਣੂੰ ਖਾਦ ਵਾਲਾ ਲਿਫਾਫਾ ਧੁੱਪ ਅਤੇ ਗਰਮੀ ਤੋਂ ਦੂਰ ਠੰਢੀ ਥਾਂ ਤੇ ਰੱਖੋ ।

★ ਜੀਵਾਣੂੰ ਖਾਦ ਲਗਾਉਣ ਤੋਂ ਬਾਅਦ ਬਿਜਾਈ ਛੇਤੀ ਕਰ ਦੇਣੀ ਚਾਹੀਦੀ ਹੈ ।

★ ਜੀਵਾਣੂ ਖਾਦ ਨੂੰ ਰਸਾਇਣਕ ਕੀਟਨਾਸ਼ਕਾਂ ਦੇ ਨਾਲ ਨਾ ਮਿਲਾਓ ।

**ਜੀਵਾਣੂੰ ਖਾਦ ਦੀ ਉਪਲਬਧਤਾ** : ਜੀਵਾਣੂੰ ਖਾਦਾਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ, ਬੀਜਾਂ ਦੀ ਦੁਕਾਨ, ਗੇਟ ਨੰ: 1 ਅਤੇ ਵੱਖ-ਵੱਖਰੇ ਜ਼ਿਲ੍ਹਿਆਂ ਵਿੱਚ ਸਥਿਤ ਕ੍ਰਿਸ਼ੀ ਵਿਗਿਆਨ/ਫ਼ਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੀ ਹੈ । ਜੀਵਾਣੂੰ ਖਾਦਾਂ ਦੀ ਵਧੇਰੀ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

**ਪ੍ਰਤਿਭਾ ਵਯਾਸ ਅਤੇ ਜੁਪਿੰਦਰ ਕੌਰ,**
ਮਾਈਕਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 86990-07301